ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-25 ਨੰਬਰ-8

24 ਤੋਂ 30 ਚੇਤਰ 2074 - 6 to 12 April 2017 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 202

## ਏਨਾ ਦੇ ਕੀ ਬਸ ਹੈ।



ਗੁਰੂ ਜੀ ਦਾ ਬਚਨ ਹੈ "ਗਿਆਨੀ ਧਿਆਨੀ ਗੁਣੀ ਧਨਾਢ॥ਨਾਮ ਜਪਤ ਘਰ ਘਰ ਮੈ ਆਢ॥" ਨਾਮ ਜਪਣ ਵਾਲਿਆ ਕੇ ਸਾਥ ਹਰਿ ਜਾਗਾ ਆਢਾ ਕਰਨਗੇ, ਸੋ ਪੁਜ ਕੇ ਕੀਤਾ ਸਿਰ ਤਾਈ। ਸੋ ਜੀ ਕਿਸੇ ਸਮੇ ਦੇ ਸਰਾਫੇ ਹੋਇ ਹੈਨਿ, ਏਨਾ ਦੇ ਕੀ ਬਸ ਹੈ।

# ਵਿਸ਼ਵ ਸ਼ਾਂਤੀ ਅਤੇ ਰੂਹਾਨੀਅਤ ਦਾ ਤ੍ਰਿਬੇਣੀ ਪੁਰਬ – ਹੋਲਾ ਮਹੱਲਾ




ਹੋਲਾ ਮਹੱਲਾ 2017 ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਆਰੰਭ ਹੋਇਆ ਜਿਸ ਦੀ ਸਮਾਪਤੀ 16 ਮਾਰਚ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਉਪਰੰਤ ਹੋਈ । ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ ।

**ਸ੍ਰੀ ਭੈਣੀ ਸਾਹਿਬ :** ਹੋਲੇ ਦਾ ਤਿਉਹਾਰ ਬਹੁਤ ਪੁਰਾਣਾ ਹੈ। ਗਲ ਸਤਿਜੁਗ ਦੀ ਹੈ, ਪ੍ਰਹਿਲਾਦ ਦੀ ਭੂਆ ਹੋਲੀ ਸੀ। ਉਸਨੂੰ ਵਰ ਸੀ ਕਿ ਉਹ ਅੱਗ ਵਿੱਚ ਨਹੀਂ ਸੜ ਸਕਦੀ ਸੀ। ਇਸ ਕਰਕੇ ਉਹ ਪ੍ਰਹਿਲਾਦ ਨੂੰ ਲੈ ਕੇ ਅੱਗ ਵਿੱਚ ਬੈਠ ਗਈ। ਪ੍ਰਹਿਲਾਦ ਬੱਚ ਗਿਆ ਤੇ ਹੋਲੀ ਸੜ ਗਈ। ਭਾਈ ਗੁਰਦਾਸ ਜੀ ਬਾਣੀ ਵਿਚ ਲਿਖਦੇ ਹਨ :

**ਜਲ ਅਗਨੀ ਵਿਚ ਘਤਿਆ, ਜਲਹਿ ਨ ਡੁਬਹਿ ਹਾਰ ਪ੍ਰਸਾਦਿ।।**

ਉਸ ਦਿਨ ਤੋਂ ਹਿੰਦੂ ਲੋਕ ਇਸੇ ਤਿਉਹਾਰ ਨੂੰ ਮਨਾਉਣ ਲੱਗ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸਨੂੰ ਹੋਲਾ ਕਰ ਦਿੱਤਾ। ਇਸ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਉਹਨਾਂ ਨੇ ਆਪਣੇ ਖਾਲਸੇ ਨੂੰ ਸਸਤ੍ਰ ਤੇ ਯੋਧਾ ਵਿਦਿਆ ਵਿਚ ਨਿਪੁੰਨ ਕਰਨ ਲਈ ਰਿਵਾਜ ਆਰੰਭ ਕੀਤਾ ਸੀ। ਦੋ ਦਲ ਬਣਾ ਕੇ ਉਹਨਾਂ ਦਾ ਜੰਗ ਕਰਵਾਉਂਦੇ ਸਨ। ਕਵੀ ਨਿਹਾਲ ਸਿੰਘ ਹੋਲੇ ਬਾਰੇ ਲਿਖਦੇ ਹਨ :

**ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ, ਛਕਾ ਪ੍ਰਸਾਦਿ ਸਜਾ ਦਸਤਾਰਾ ਅਰ ਕਰ ਦੋਨਾ ਟੋਲਾ ਹੈ।**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਬੀਰ ਰਸ ਵਿਚ ਰੰਗ ਦਿੰਦੇ। ਸਸਤਰਾਂ ਨਾਲ ਜੰਗ ਯੁੱਧ ਕਰਦੇ ਤੇ ਕਰਵਾਉਂਦੇ। ਜਿਹੜਾ ਦਲ ਜਿਤ ਜਾਂਦਾ ਉਸਨੂੰ ਅਥਾਹ ਖੁਸ਼ੀਆਂ ਬਖਸ਼ਦੇ। ਉਸ ਸਮੇਂ ਪਿਚਕਾਰੀਆਂ ਵਿਚ ਗੁਲਾਲ ਭਰਕੇ ਆਪਣੇ ਸਿੰਘਾਂ ਨਾਲ ਖੇਡਦੇ ਤੇ ਖੁਸ਼ੀਆਂ ਮਨਾਉਂਦੇ। ਭਾਈ ਸੰਤੋਖ ਸਿੰਘ ਲਿਖਦੇ ਹਨ :

(ਬਾਕੀ ਸਫਾ 2 'ਤੇ)

## 2018 ਈ. ਦਾ ਹੋਲਾ ਜਗਜੀਤ ਨਗਰ

**ਸ੍ਰੀ ਭੈਣੀ ਸਾਹਿਬ, 16 ਮਾਰਚ:** ਇਸ ਵਾਰ ਸਤਿਗੁਰੂ ਉਦੈ ਸਿੰਘ ਜੀ ਨੇ ਕਿਰਪਾ ਕੀਤੀ ਹੈ ਅਤੇ ਆਪਣੇ ਮੁਖਾਰਬਿੰਦ ਤੋਂ ਫੁਰਮਾਇਆ ਹੈ ਕਿ 2018 ਈ. (2074 ਬਿ.) ਦਾ ਹੋਲਾ ਮਹੱਲਾ ਮਾਤਾ ਜੀ ਦੇ ਪੇਕੇ ਪਰਵਾਰ ਵਲੋਂ ਜਗਜੀਤ ਨਗਰ ਜ਼ਿਲਾ ਸਿਰਸਾ ਵਿਖੇ ਕੀਤਾ ਜਾਏਗਾ। ਇਸ ਖ਼ਬਰ ਨੂੰ ਸੁਣਕੇ ਭਰੇ ਪੰਡਾਲ ਦੀ ਸਾਧ-ਸੰਗਤ ਵਿੱਚ ਜੈਕਾਰਿਆ ਨਾਲ ਇਸ ਦਾ ਸੁਆਗਤ ਕੀਤਾ ਗਿਆ। ਮਾਤਾ ਚੰਦ ਕੌਰ ਜੀ ਸਪੁੱਤਰੀ ਸ. ਸਰਵਣ ਸਿੰਘ ਦੇ ਪਰਵਾਰ ਨੇ ਸਤਿਗੁਰੂ ਜੀ ਨੂੰ ਹੋਲਾ ਮਹੱਲਾ ਬਖ਼ਸ਼ਣ ਵਾਸਤੇ ਅਰਜ਼ੋਈ ਕੀਤੀ ਸੀ ਜਿਹੜੀ ਪਰਵਾਨ ਹੋਈ। ਸੋ ਹੁਣ 1 ਤੋਂ 5 ਮਾਰਚ 2018 ਈ. (18 ਤੋਂ 22 ਫੱਗਣ 2074 ਬਿ.) ਨੂੰ ਸਮੂਹ ਸਾਧ-ਸੰਗਤ ਜਗਜੀਤ ਨਗਰ ਹੁਮ ਹੁੰਮਾ ਪਹੁੰਚ ਕੇ ਹੋਲੇ ਦੀਆਂ ਰੌਣਕਾਂ ਵਧਾਏ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕਰੇ ਅਤੇ ਕਥਾ, ਕੀਰਤਨ ਵਖਿਆਨ ਕਵਿਤਾਵਾਂ ਆਦਿ ਸੁਣਨ ਦਾ ਲਾਹਾ ਲਵੇ। ਮਾਤਾ ਜੀ ਦੇ ਪੇਕੇ ਪਰਵਾਰ ਵਲੋਂ ਸਾਧ-ਸੰਗਤ ਨੂੰ ਉਚੇਚੇ ਤੋਰ ਤੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਸਤਿਗੁਰੂ ਜੀ ਨੇ ਪੂਰਬਾ ਜੀ ਨੂੰ ਸੇਵਾ ਰਤਨ ਸਨਮਾਨ ਨਾਲ ਨਿਵਾਜਿਆ

**ਸ੍ਰੀ ਭੈਣੀ ਸਾਹਿਬ, 16 ਮਾਰਚ:** ਅੱਜ ਹੋਲੇ ਮਹੱਲੇ ਦਾ ਆਖ਼ਰੀ ਦਿਨ ਸੰਤ ਮਹਿੰਦਰ ਸਿੰਘ ਪੂਰਬਾ ਦੇ ਸਾਰੇ ਪਰਵਾਰ ਲਈ ਹੋਰ ਖ਼ੁਸ਼ੀਆਂ ਭਰਿਆ ਸੀ। ਅੱਜ ਸਤਿਗੁਰੂ ਉਦੈ ਸਿੰਘ ਜੀ ਨੇ ਉਹਨਾਂ ਨੂੰ ਸੇਵਾ ਰਤਨ ਸਨਮਾਨ ਨਾਲ ਨਿਵਾਜਿਆ। ਉਹਨਾਂ ਨੂੰ ਮਾਲਾ, ਸ਼ਾਲ, ਮਾਇਆ, ਸ਼ੀਲਡ ਆਦਿ ਦੇ ਕੇ ਉਹਨਾਂ ਦੀਆਂ ਸਤਿਗੁਰੂ ਜਗਜੀਤ ਸਿੰਘ ਸਮੇਂ ਕੀਤੀਆਂ ਸੇਵਾਵਾਂ ਬਦਲੇ ਅਸ਼ੀਰਵਾਦ ਦਿੱਤਾ। ਸੰਤ ਹਰਪਾਲ ਸਿੰਘ ਸੇਵਕ ਨੇ ਪੂਰਬਾ ਜੀ ਬਾਰੇ ਭਰਪੂਰ ਜਾਣਕਾਰੀ ਦਿੰਦਿਆ ਦੱਸਿਆ ਪੂਰਬਾ ਉਹਨਾਂ ਦੇ ਪਿੰਡ ਦਾ ਨਾਂ ਹੈ ਉਹਨਾਂ ਦੀਆ ਸੇਵਾਵਾਂ ਕਰਕੇ ਪੂਰਬਾ ਪਿੰਡ ਵੀ ਇਤਿਹਾਸ ਦੇ ਪੱਤਰਿਆ ਵਿੱਚ ਜੀਉਂਦਾ ਰਹੇਗਾ।

ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੇਵਕ, ਅਰਦਾਸੀਏ, ਖ਼ਜਾਨਚੀ ਆਦਿ ਦੇ ਤੌਰ ਤੇ ਹੁਕਮ ਅਨੁਸਾਰ ਸੇਵਾ ਨਿਭਾਈ। ਉਹ 42 ਸਾਲ ਤੱਕ ਉਹਨਾਂ ਦੀ ਸੇਵਾ ਵਿੱਚ ਰਹੇ ਅਤੇ ਉਹਨਾਂ ਦੀਆਂ ਸੇਵਾਵਾਂ ਦਾ ਇੱਕ ਹਿੱਸਾ ਸਤਿਗੁਰੂ ਉਦੈ ਸਿੰਘ ਜੀ ਨੂੰ ਉਹਨਾਂ ਦੀ ਦਰਤਾਰ ਬੰਦੀ ਸਮੇਂ ਸੇਵਕਾਂ ਵੱਲੋਂ ਦਸਤਾਰ ਅਤੇ ਪੰਜ ਸਿੱਕੇ ਭੇਟ ਕਰਨਾ ਸੀ। ਪੂਰਬਾ ਜੀ ਨੂੰ ਵਧਾਈਆਂ ਦੇਣ ਵਾਲੇ ਉਹਨੇ ਹੀ ਖ਼ੁਸ਼ ਸਨ ਅਤੇ ਸਤਿਗੁਰੂ ਜੀ ਦਾ ਸ਼ੁਕਰਾਨਾ ਵੀ ਕਰ ਰਹੇ ਸਨ।

## ਸ੍ਰੀ ਸਤਿਗੁਰੂ ਜੀ ਨੇ ਅਨਜਾਣ ਜੀ ਨੂੰ 'ਸਾਹਿਤ ਰਤਨ' ਵਜੋਂ ਮਾਣ ਬਖ਼ਸ਼ਿਆ

**ਸ੍ਰੀ ਭੈਣੀ ਸਾਹਿਬ, 16 ਮਾਰਚ:** ਹੋਲੇ ਦੇ ਆਖ਼ਰੀ ਦਿਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਪ੍ਰੋ. ਤਾਰਾ ਸਿੰਘ ਅਨਜਾਣ ਤੇ ਮੇਹਰਾਂ ਦਾ ਮੀਂਹ ਬਰਸਾਇਆ, ਉਹਨਾਂ ਨੂੰ ਮਾਲਾ, ਲੋਈ, ਸ਼ੀਲਡ, ਮਾਇਆ ਆਦਿ ਬਖ਼ਸ਼ ਕੇ ਉਹਨਾਂ ਦੀਆ ਸੇਵਾਵਾਂ ਦੀ ਪ੍ਰਵਾਨਗੀ ਦਿੱਤੀ। ਅਨਜਾਣ ਜੀ ਨੇ ਦਿੱਲੀ ਵਿੱਚ ਸਰਕਾਰੀ ਨੌਕਰੀ ਕੀਤੀ ਹੈ ਸਰਕਾਰੀ ਗੈਰ ਸਰਕਾਰੀ ਕਿਤਾਬਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਜੱਸ ਕੀਤਾ ਹੈ। ਇਹ ਕਿਤਾਬਾ ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਪੱਧਰ ਦੀਆਂ ਹਨ, ਜਿਹਨਾਂ ਰਾਹੀਂ ਲੱਖਾਂ ਗੈਰ ਨਾਮਧਾਰੀ ਪੰਜਾਬੀ ਦੇ ਵਿਦਿਆਰਥੀਆਂ ਕੋਲ ਸਤਿਗੁਰੂ ਜੀ ਦਾ ਇਤਿਹਾਸ ਗਿਆ ਹੈ। ਅਨਜਾਣ ਜੀ ਢਾਈ ਦਹਾਕਿਆ ਤੋਂ ਵੱਧ ਸਤਿਜੁਗ ਰਾਹੀਂ ਸੇਵਾ ਨਿਭਾ ਰਹੇ ਹਨ। ਉਹਨਾਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਲਿਖੀਆ ਜਾ ਸੰਪਾਦਿਤ ਕੀਤੀਆ ਹਨ। ਦਿੱਲੀ ਵਿੱਚ ਪੰਜਾਬੀ ਨੂੰ ਬਣਦਾ ਥਾਂ ਦਿਵਾਉਣ ਲਈ ਮੇਹਨਤ ਕੀਤੀ ਹੈ। ਕਾਮਰੇਡ ਸਵਰਨ ਸਿੰਘ ਵਿਰਕ ਨੇ ਉਹਨਾਂ ਬਾਰੇ ਢੁਕਵੀਂ ਅਤੇ ਭਰਪੁਰ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ ਦਿੱਤੀ। ਅਨਜਾਣ ਜੀ ਵਲੋਂ ਸਤਿਗੁਰੂ ਜੀ ਦੇ ਸ਼ੁਕਰਾਨੇ ਨਾਲ ਵਧਾਈਆਂ ਦੇਣ ਵਾਲੇ ਸੱਜਣਾਂ ਮਿਤਰਾਂ ਦਾ ਧੰਨਵਾਦ ਕੀਤਾ ਗਿਆ।

# ਤ੍ਰਿਬੇਣੀ ਪੁਰਬ ਹੋਲਾ ਮਹੱਲਾ ਸੰਪੰਨ..(ਬਾਕੀ ਸਫਾ 1 ਦੀ)



**ਸ੍ਰੀ ਆਦਿ ਗ੍ਰੰਥ ਸਾਹਿਬ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਉਂਦੇ ਪਾਠੀ ਸਿੰਘ।**

*ਉਡਯੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ*
*ਰੰਗਨ ਕੀ ਬੂੰਦ ਬਰਖਤ ਚੀਨਿਉ।*
*ਰੰਗਦਾਰ ਅੰਬਰ ਕੈ, ਰੰਗਦਾਰ ਅੰਬਰ ਕੈ*
*ਮੂਠ ਭਰ ਮਾਰੇ ਰੰਗ, ਡਾਰਤ ਨਵੀਨਿਉ।।*

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪ ਸਿੰਘ ਸੂਰਮਿਆਂ ਨਾਲ ਹੋਲੀ ਖੇਡਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਪ੍ਰੰਪਰਾ ਨੂੰ ਤੋਰਿਆ।। ਉਹਨਾਂ ਨੇ ਸਭ ਤੋਂ ਪਹਿਲਾਂ ਸਿਖੀ ਨੂੰ ਮੁੜ ਸੁਰਜੀਤ ਕਰਕੇ ਹੋਲੇ ਦੀ ਮਹਾਨਤਾ ਨੂੰ ਵਧਾਇਆ।

ਭਾਈ ਧਿਆਨ ਸਿੰਘ ਜੀ ਲਿਖਦੇ ਹਨ :

*ਕੇਸਾਧਾਰੀ ਖੇਲੇ ਹੋਲਾ*
*ਵਕਤ ਅਮੋਲਾ ਸ਼ੁਭ ਧਿਆਨ*
*ਗੋਲਾ ਤਾਕੋ ਸਦਾ ਜਸ ਗਾਇ ਹੈ।*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਵਿਚ ਇਕ ਬਹੁਤ ਵੱਡਾ ਕਾਰਜ ਕੀਤਾ। ਸ੍ਰੀ ਭੈਣੀ ਸਾਹਿਬ ਦੀ ਧਰਤੀ ਤੋਂ ਖਾਲਸਾ ਪੰਥ ਦੀ ਮੁੜ ਸਾਜਨਾ ਕੀਤੀ। ਅੰਗਰੇਜ਼ਾਂ ਨਾਲ ਜੰਮ ਕੇ ਟੱਕਰ ਲਈ। ਦੇਸ ਦੀ ਆਜ਼ਾਦੀ ਦਾ ਮੁਢ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਛੋਟੇ ਜਿਹੇ ਪਿੰਡ ਵਿਚ ਬੰਨਿਆ ਅਤੇ ਅੰਗਰੇਜ਼ਾਂ ਦੀ ਨੱਕ ਵਿਚ ਦਮ ਕਰ ਦਿੱਤਾ।

ਅੰਗਰੇਜ਼ ਸਰਕਾਰ ਦਾ ਸੰਪੂਰਨ ਬਾਈਕਾਟ ਕੀਤਾ। ਇਸ ਨਾਲ ਅੰਗਰੇਜ਼ ਸਰਕਾਰ ਹਿਲ ਗਈ। ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਨੇ ਤਾਂ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਸੀ। ਇਤਨਾ ਵੱਡਾ ਇਕੱਠ ਵੇਖ ਕੇ ਅੰਗਰੇਜ਼ ਹੈਰਾਨ ਰਹਿ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਦੀਆਂ ਪਾਬੰਦੀਆਂ ਦੀ ਰਤਾ ਭਰ ਵੀ ਪ੍ਰਵਾਹ ਨਹੀਂ ਕੀਤੀ। ਸਾਧ ਸੰਗਤ ਦਾ ਵਿਸ਼ਾਲ ਇਕੱਠ - ਅਨੋਖੀ ਮਸਤੀ, ਅਨੋਖਾ ਰੰਗ ਸੀ। ਸਿੱਖ ਮਸਤੀ ਵਿਚ ਧਾਰਨਾ ਪੜ੍ਹਦੇ ਸਨ-

ਹੋਲਾ ਖੇਡਣ ਕੇਸਾਧਾਰੀ, ਹੋਲਾ ਖੇਡਣ ਜੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਮਹੱਲੇ ਦੀ ਮੁੜ ਆਰੰਭਤਾ ਕੀਤੀ। ਉਹਨਾਂ ਨੇ ਆਪਣੇ ਸਮੇਂ ਵਿਚ 6 ਹੋਲੇ ਮਹੱਲੇ ਕੀਤੇ। ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਤੋਂ ਬਾਅਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਸਮਾਂ ਆਇਆ। ਉਹਨਾਂ ਤੇ ਇਹਨੀਆਂ ਸਖਤ ਪਾਬੰਦੀਆਂ ਸਨ ਕਿ 27 ਸਾਲ ਤਕ ਕੋਈ ਹੋਲਾ ਮਹਲਾ ਨਾ ਕਰ ਸਕੇ। ਸਤਿਗੁਰੂ ਹਰੀ ਸਿੰਘ ਜੀ ਨੇ 1955 ਤੋਂ 1962 ਬਿਕਰਮੀ ਤਕ 8 ਹੋਲੇ ਮਨਾਏ। ਇਹਨਾਂ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਆਇਆ ਆਪ ਜੀ ਦੇ ਸਮੇਂ ਵਿਚ ਹੋਲਿਆਂ ਦਾ ਤਾਂ ਪ੍ਰਵਾਹ ਹੀ ਚਲ ਪਿਆ ਸੀ। ਸੰਨ 1907 ਈ. ਤੋਂ 1959 ਈ. ਤਕ 54 ਹੋਲੇ ਵੱਖ ਵੱਖ ਥਾਵਾਂ ਤੇ ਮਨਾਏ ਗਏ। ਸਿੱਖੀ ਦਾ ਪੂਰਾ ਪ੍ਰਚਾਰ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮਾਂ ਆਇਆ। ਆਪ ਜੀ ਨੇ ਮਹਾਨ ਕਿਰਪਾ ਕੀਤੀ, ਇਸ ਹੋਲੇ ਮਹਲੇ ਨੂੰ ਤ੍ਰਿਬੇਣੀ ਸੰਗਮ ਬਣਾ ਦਿੱਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਸਾਂ ਵਿਦੇਸਾਂ ਵਿਚ ਹੋਲੇ ਮਹੱਲੇ ਮਨਾਏ। ਉਹਨਾਂ ਨੇ 55 ਹੋਲੇ ਮਹੱਲੇ ਮਨਾਏ। ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਇਹ ਹੋਲਾ ਮਨਾਇਆ ਗਿਆ।

**ਵਿਦੇਸੀ ਸੰਗਤ :** ਸ੍ਰੀ ਸਤਿਗੁਰੂ ਜੀ ਦੀ ਪ੍ਰੇਰਣਾ ਸਦਕਾ ਥਾਈਲੈਂਡ ਦੀ ਸੰਗਤ ਇਸ ਵਾਰੀ ਵੱਡੀ ਗਿਣਤੀ ਵਿਚ ਹੋਲੇ ਤੇ ਪਹੁੰਚੀ। ਨੌਜਵਾਨ ਲੜਕੇ ਲੜਕੀਆਂ ਵੀ ਪਹੁੰਚੇ। ਉਹਨਾਂ ਨੇ ਭਾਰਤ ਦੀ ਧਰਤੀ ਤੇ ਆ ਕੇ ਨਾਟਕ ***"ਮਿਲੁ ਮੇਰੇ ਪ੍ਰੀਤਮਾ ਜੀਉ"*** ਮੇਲੇ ਦੇ ਆਖਰੀ ਦਿਨ ਖੇਡ ਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਅਤੇ ਸੰਗਤਾਂ ਨੇ ਇਸ ਨਾਟਕ ਦਾ ਖੂਬ ਅਨੰਦ ਮਾਣਿਆ। ਥਾਈਲੈਂਡ ਦੇ ਨੌਜਵਾਨਾਂ ਵਲੋਂ ਖੇਡਿਆ ਗਿਆ ਨਾਟਕ ਬਹੁਤ ਸਫਲ ਰਿਹਾ। ਇਸ ਵਿਚ ਅਦਾਕਾਰਾਂ ਨੇ ਬਹੁਤ ਵਧੀਆ ਰੋਲ ਅਦਾ ਕੀਤਾ। ਬੀਬੀ ਕਮਲਜੀਤ ਕੌਰ ਦੇ ਸਹਿਯੋਗ ਨਾਲ ਥਾਈਲੈਂਡ ਨਾਮਧਾਰੀ ਸੰਗਤ ਅਤੇ ਅਮਰੀਕਾ, ਯੂ. ਕੇ., ਅਫਰੀਕਾ ਤੇ ਕਨੇਡਾ ਦੀ ਸੰਗਤ ਨੇ ਵੀ ਮੇਲੇ ਦੀ ਰੌਣਕ ਨੂੰ ਵਧਾਇਆ।


**ਹੋਲੇ ਮਹੱਲੇ ਦੀ ਸੇਵਾ :** ਇਸ ਵਾਰੀ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਬੀਬੀ ਵਲੋਂ ਇਹ ਮੇਲਾ ਕਰਵਾਇਆ ਗਿਆ। ਕਨੇਡਾ ਨਿਵਾਸੀ ਬੀਬੀ ਹਰਪਾਲ ਕੌਰ ਨੇ ਪਰਿਵਾਰ ਸਮੇਤ ਤਨ, ਮਨ ਤੇ ਧਨ ਨਾਲ ਇਹ ਹੋਲੇ ਮਹੱਲੇ ਦੀ ਸੇਵਾ ਕੀਤੀ। ਕਨੇਡਾ ਨਿਵਾਸੀ ਸੰਗਤ ਅਤੇ ਸੂਬਾ ਰੇਸ਼ਮ ਸਿੰਘ ਨੇ ਬੀਬੀ ਜੀ ਨਾਲ ਆਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਤਿਲਫੁੱਲ ਭੇਟ ਕੀਤਾ ਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕਨੇਡਾ ਦੇ ਪ੍ਰਧਾਨ ਸੰਤ ਹਰਜਿੰਦਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ।

**ਹੋਲੇ ਮਹੱਲੇ ਦਾ**
**ਪਹਿਲਾ ਦਿਨ 12 ਮਾਰਚ 2017**
**ਆਸਾ ਦੀ ਵਾਰ ਦਾ ਕੀਰਤਨ-**

ਅੱਜ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਰਵ ਸੰਤ ਸੁਰਮੁਖ ਸਿੰਘ, ਸ਼ਾਮ ਸਿੰਘ, ਰਤਨ

**(ਬਾਕੀ ਸਫਾ 4 'ਤੇ)**

# 4 ਅਪ੍ਰੈਲ ਦੀ ਕਾਲੀ ਪ੍ਰਭਾਤ ਹੋਈ ਮਾਂ ਸਾਡੀ ਸਾਥੋਂ ਦੂਰ ਹੋਈ



✍ ਸਵਿੰਦਰ ਸਿੰਘ ਨਾਮਧਾਰੀ, ਲੁਧਿਆਣਾ

*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ*
*ਚਿੱਟੇ ਦਿਨੀਂ ਕਾਲੀ ਰਾਤ ਹੋਈ, ਹਰ ਆਤਮਾ ਜਾਰੋ ਜਾਰ ਰੋਈ।*
*ਫੁੱਲਾਂ ਨੇ ਜਿਵੇਂ ਖੁਸ਼ਬੋ ਹੈ ਖੋਈ, ਭੈਣੀ ਕੰਧੀ ਟਕਰਾਂ ਮਾਰ ਰੋਈ।*
*ਦੀਵਿਆਂ ਨੇ ਜਿਵੇਂ ਲੌ ਹੈ ਖੋਈ, ਕੂਕਿਆਂ ਨੇ ਮਾਂ ਚੰਦ ਹੈ ਖੋਈ।*
*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ।*

*ਕਿਸੇ ਕਾਇਰ ਦੀ ਬਦਨੀਤੀ ਹੋਈ, ਦਰਗਾਹੀਂ ਨਾਂ ਉਨ੍ਹੂੰ ਮਿਲੂਗੀ ਢੋਈ।*
*ਜਿਸ ਦੁਸ਼ਟ ਨੂੰ ਮਾਂ ਦੀ ਕਦਰ ਨਾ ਹੋਈ, ਦੁਹਥੜੇ ਮਾਰ ਉਨਾਂ ਦੀ ਮਾਂ ਵੀ ਰੋਈ।*
*ਥੂ ਥੂ ਦੁਸ਼ਟਾਂ ਤੇ ਜਗ ਵਲੋਂ ਹੋਈ, ਜ਼ਾਲਮ ਦੁਸ਼ਟਾਂ ਨੇ ਸਾਡੀ ਮਾਂ ਜੁ ਖੋਈ।*
*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ।*

*ਕੂਕਿਆਂ ਲਈ ਕਾਲੀ ਰਾਤ ਹੈ ਹੋਈ, ਸੰਗਤ ਸਾਰੀ ਭੁੱਬਾਂ ਮਾਰ ਹੈ ਰੋਈ।*
*ਤੀਰ ਜੁਦਾਈ ਦਾ ਜਿਸ ਥੀਂ ਲਗਦਾ, ਨੀਰ ਉਨਾਂ ਅਖੀਂ ਥੀਂ ਨਈਂ ਮੁੱਕਦਾ।*
*ਅੰਬਰ ਉਤੇ ਜਿਵੇਂ ਧੂੜ ਹੈ ਪਈ, ਸਾਰੀ ਖਲਕਤ ਹੌਕੇ ਭਰ ਭਰ ਰੋਈ।*
*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ।*

*ਜੋ ਆਇਆ ਸੋ ਚਲਸੀ ਮਾਏ, ਤੂੰ ਕਹਿੰਦੀ ਕਹਿੰਦੀ ਤੁਰ ਗਈ।*
*ਰਬੀਂ ਵਾਕ ਨਾ ਪਲਟੇ ਕੋਈ, ਭਾਣਾ ਮੰਨ ਸੰਗਤ ਚੁੱਪ ਹੋ ਗਈ।*
*ਮਾਂ ਚੰਦ ਨੂੰ ਪ੍ਰਨਾਮ ਕਰੇ ਹਰ ਕੋਈ, ਮਾਂ ਗੁਰ ਚਰਨੀ ਪ੍ਰਵਾਨ ਹੈ ਹੋਈ।*
*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ।*

*ਗੁਰੂ ਜਗਜੀਤ ਸੀ ਘਟ ਘਟ ਵਾਸੀ, ਉਸੇ ਵਿਚ ਹੀ ਮਾਂ ਜਾ ਸਮੋਈ।*
*ਸੇਵਾ ਸਿਮਰਨ ਪਰੇਮਾ ਭਗਤੀ, ਸੰਗਤੀ ਵੰਡਦੀ ਮਾਂ ਤੁਰ ਗਈ।*
*ਧੰਨ ਹੈ ਓਹ ਥਾਂ ਸੁਹਾਣਾ, ਜਿਥੋਂ ਦੀ ਹੁਣ ਤੂੰ ਵਿਸ਼ਨੋਈ।*
*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ।*

*ਜਿਸ ਹੰਝੂ ਪੂੰਝ ਵਿਰਾਇਆ ਸਾਨੂੰ, ਭੁੱਲਣ ਤੇ ਗਲ ਲਾਇਆ ਸਾਨੂੰ।*
*ਪਿਆਰ ਜੋ ਤੇਰਾ ਅਨਮੋਲ ਖਜ਼ਾਨਾ, ਭਰ ਭਰ ਬੁਕ ਵਰਤਾਇਆ ਸਾਨੂੰ।*

*ਸਵਿੰਦਰਾ ਗੁਰ ਚਰਨੀ ਲਗ ਜੀਵਨ ਸਫਲ ਹੈ ਕਰਨਾ ਦਸਦੀ*
*ਹੱਸਦੀ ਹੱਸਦੀ ਤੁਰ ਗਈ।*
*ਮਾਂ ਸਾਡੀ ਸਾਥੋਂ ਦੂਰ ਹੋਈ, ਸਾਡੀ ਰੂਹ ਵੀ ਚੂਰੋ ਚੂਰ ਹੋਈ।*
*ਸਾਡੀ ਰੂਹ ਵੀ ਚੂਰੋ ਚੂਰ ਹੋਈ।*

# ਗੁਰ ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ



## ਦੇਣ ਵਾਲਾ ਤਾਂ ਸਤਿਗੁਰੂ ਆਪ ਹੈ

*ਹੋਲਾ 2017 ਬੀਬੀ ਹਰਪਾਲ ਕੌਰ (ਕਨੇਡਾ) ਵਲੋਂ ਹੋਇਆ ਹੈ। ਉਹ ਕੋਈ ਬੜੇ ਵਡੇ ਸੇਠ ਨਹੀਂ ਅੰਦਰ ਸਿਖੀ ਚਾਹੀਦੀ ਹੈ, ਤੁਹਾਡਾ ਦਿਲ ਵੱਡਾ ਚਾਹੀਦਾ ਹੈ, ਸਤਿਗੁਰੂ ਆਪੇ ਹੀ ਤੁਹਾਨੂੰ ਗਿਫਟ ਦੇ ਦਿੰਦਾ ਹੈ ਜਦੋਂ ਅਸੀਂ ਉਹਦੇ ਦਸੇ ਰਸਤੇ ਤੇ ਤੁਰਦੇ ਹਾਂ। ਜਦੋਂ ਆਪਾਂ ਇਹ ਸਮਝ ਲੈਂਦੇ ਹਾਂ ਕਿ ਇਹ ਮਾਇਆ ਸਾਡੀ ਏ ਫਿਰ ਸਾਨੂੰ ਘਾਟ ਮਹਿਸੂਸ ਹੋਣ ਲਗਦੀ ਏ ਪਰ ਜਦੋਂ ਅਸੀਂ ਇਹ ਸਮਝਦੇ ਹਾਂ ਕਿ ਇਹ ਮਾਇਆ ਮੇਰੀ ਤਾਂ ਹੈ ਹੀ ਨਹੀਂ ਫਿਰ ਸਾਨੂੰ ਸੁਖ ਹੋਣ ਲੱਗ ਜਾਂਦਾ ਹੈ। ਅਸੀਂ ਦੁਖਾਂ ਵਿਚੋਂ ਨਿਕਲ ਜਾਂਦੇ ਹਾਂ। ਆਹ ਹੁਣੇ ਸ਼ਬਦ ਪੜ੍ਹਿਆ ਸੀ–*ਕੋਊ ਹਰਿ ਸਮਾਨਿ ਨਹੀਂ ਰਾਜਾ।। *ਉਹ ਰਾਜਾ ਤਾਂ ਇਕ ਹੀ ਹੈ ਦੇਣ ਵਾਲਾ ਹੋਰ ਕੋਈ ਨਹੀਂ। ਬੀਬੀ ਹਰਪਾਲ ਕੌਰ ਨੇ ਹੋਲਾ ਕਰਵਾਇਆ ਹੈ ਸੇਵਾ ਕੀਤੀ ਏ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ। ਉਹਨਾਂ ਬੜਾ ਸੋਹਣਾ ਐਕਜ਼ਾਂਪਲ (ਉਦਾਹਰਣ) ਸੈਟ ਕੀਤਾ ਹੈ, ਸੱਚੇ ਪਾਤਸ਼ਾਹ ਬਖਸ਼ਸ਼ ਕਰਨ ਇਸ ਤਰ੍ਹਾਂ ਹੀ ਪਰਿਵਾਰ ਵਿਚ ਸਿੱਖੀ ਵਧਦੀ ਰਹੇ।*

## ਅਗਲੇ ਸਾਲ ਹੋਲਾ ਮਹੱਲਾ ਜਗਜੀਤ ਨਗਰ

*ਆਪਣਾ ਨਾਂ ਨਾਮਧਾਰੀ ਨਾਮ ਜਪਣ ਕਰਕੇ ਹੈ। ਆਪਾਂ ਨਾਮ ਤੋਂ ਦੂਰ ਨਾ ਹੋਈਏ। ਕਿਰਪਾ ਸੱਚੇ ਪਾਤਸ਼ਾਹ ਨੇ ਕਰਨੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੇ ਗੁਰਬਾਣੀ ਵਿਚ ਥਾਂ ਥਾਂ ਕਿਹਾ ਹੈ :* 'ਮਨ ਰੇ ਨਾਮੁ ਜਪਹੁ ਸੁਖੁ ਹੋਇ' *ਜਿਸ ਚੀਜ਼ ਨਾਲ ਸੁਖ ਮਿਲਣਾ ਹੈ ਆਪਾਂ ਸਾਰਾ ਜ਼ੋਰ ਲਾ ਦਿੰਦੇ ਹਾਂ ਸੁਖ ਵਾਸਤੇ, ਸੁਖੀ ਰਹਿਣ ਵਾਸਤੇ। ਅਸੀਂ ਗੁਰਬਾਣੀ ਨੂੰ ਮੱਥਾ ਟੇਕਦੇ ਹਾਂ, ਗੁਰਬਾਣੀ ਵਿਚ ਵਿਸ਼ਵਾਸ਼ ਕਰਦੇ ਹਾਂ, ਜਿਸ ਵਿਚ ਸੱਚੇ ਪਾਤਸ਼ਾਹ ਹੁਕਮ ਕੀਤਾ ਹੈ ਕਿ ਸੁਖ ਨਾਮ ਜਪਣ ਨਾਲ ਮਿਲਣਾ ਹੈ। ਉਸ ਚੀਜ਼ ਨੂੰ ਨਾ ਭੁਲੀਏ। ਉਸ ਨਾਲ ਜੁੜੇ ਰਹੀਏ। ਸੱਚੇ ਪਾਤਸ਼ਾਹ ਹੁਕਮ ਕਰਦੇ ਸੀ ਕਿ ਪਰਛਾਵੇਂ ਦੇ ਮਗਰ ਭੱਜਿਆਂ ਪਰਛਾਵਾਂ ਕਦੀ ਫੜਿਆ ਨਹੀਂ ਜਾਂਦਾ। ਜੇ ਅਸੀਂ ਸੂਰਜ ਵੱਲ ਮੂੰਹ ਕਰ ਲਈਏ ਤੇ ਸਾਰਾ ਕੁਝ ਸਾਡੇ ਮਗਰ ਤੁਰ ਪੈਂਦਾ ਹੈ।* 'ਰੋਗ ਸੋਗ ਸਭ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ' *ਜਿਹਦੇ ਨਾਲ ਸਾਰੇ ਰੋਗ ਸੋਗ ਹਟ ਜਾਂਦੇ ਨੇ ਉਹਦੇ ਨਾਲ ਜੁੜੀਏ। ਸੱਚੇ ਪਾਤਸ਼ਾਹ ਜੀ ਦਾ ਹੁਕਮ ਏ ਘੱਟ ਤੋਂ ਘੱਟ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰੀਏ। ਅੰਮ੍ਰਿਤ ਵੇਲੇ ਦਾ ਉਠਣਾ ਨਾ ਛਡੀਏ। ਜਦੋਂ ਅਸੀਂ ਇਸ ਪਾਸੇ ਤੁਰਦੇ ਹਾਂ, ਨਿਰਮਾਣਤਾ ਨਾਲ ਤੁਰਦੇ ਹਾਂ, ਮਨ ਕੇ ਤੁਰਦੇ ਹਾਂ ਕਿ ਇਹ ਸਾਰਾ ਕੁਝ ਸਤਿਗੁਰੂ ਦਾ ਹੈ ਮੇਰਾ ਕੁਝ ਨਹੀਂ। ਜਿਨਾਂ ਚਿਰ ਹਉਮੈ ਹੈ ਉਹਨਾਂ ਚਿਰ ਸਤਿਗੁਰੂ ਦਾ ਵਾਸਾ ਨਹੀਂ ਹੁੰਦਾ।* 'ਹਉਮੈ ਨਾਵੈ ਨਾਲਿ ਵਿਰੋਧੁ ਹੈ' *ਜ - ਜਦੋਂ ਮਨ ਵਿਚ ਇਹ ਸਮਝ ਆ ਜਾਂਦਾ ਹੈ ਕਿ* 'ਆਪਨ ਕੀਆ ਕਛੂ ਨਾ ਹੋਇ ਜੇ ਸਉ ਪ੍ਰਾਨੀ ਲੋਚੈ ਕੋਇ।।' 'ਜੇ ਢਾਵੈ ਖੰਡ ਬ੍ਰਹਿਮੰਡ ਕੋ ਕਰਤਾ ਕਰਹਿ ਸੁ ਹੋਈ।।' *ਜਦੋਂ ਸਾਡਾ ਕੀਤਾ ਕੁਝ ਹੁੰਦਾ ਹੀ ਨਹੀਂ ਫਿਰ ਅਸੀਂ ਮਨਮੁਖ ਨਾ ਬਣੀਏ। ਉਹ ਬਖਸ਼ਸ਼ ਕਰਨ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ -* 'ਆਪਸ ਕਉ ਜੋ ਜਾਣੈ ਨੀਚਾ ਸੋਊ ਗਨੀਐ ਸਭ ਤੇ ਊਚਾ।।' *ਜਦੋਂ ਸਾਡੇ ਅੰਦਰ ਨਿਰਮਾਣਤਾ ਆ ਜਾਂਦੀ ਹੈ ਨਾਮ ਜਪ ਕੇ ਸੇਵਾ ਕਰਨ ਲਗ ਜਾਂਦੇ ਹਾਂ।*

*ਅਸੀਂ ਮਾਤਾ ਜੀ ਨੂੰ ਯਾਦ ਕਰ ਲਈਏ। ਮਾਤਾ ਜੀ ਸੇਵਾ ਕਰਕੇ ਨਿਰਮਾਣਤਾ ਦੀ ਇਕ ਮੂਰਤ ਬਣ ਗਏ। ਮਾਤਾ ਜੀ ਨੇ ਕਦੀ ਇਹ ਸਮਝਿਆ ਹੀ ਨਹੀਂ ਸੀ ਕਿ ਮੈਂ ਸਾਰੇ ਪੰਥ ਦੀ ਮਾਤਾ ਹਾਂ। ਇਕ ਮੈਂ ਹੋਰ ਅਨਾਊਂਸਮੈਂਟ ਕਰ ਦਿਆਂ ਬੜੇ ਸਾਲਾ ਤੋਂ ਹੁਣ ਤੱਕ ਹੋਲਾ ਸ੍ਰੀ ਭੈਣੀ ਸਾਹਿਬ ਹੀ ਹੁੰਦਾ ਰਿਹਾ ਹੈ। ਅਗੇ ਇਸ ਤੋਂ ਪਹਿਲਾਂ ਜਿਹੜੇ ਪੁਰਾਣੇ ਸਰੀਰ ਨੇ ਉਹਨਾਂ ਸਾਰਿਆਂ ਨੂੰ ਪਤਾ ਹੈ ਕਿ ਹੋਲੇ ਅਲਗ ਅਲਗ ਥਾਂ ਹੁੰਦੇ ਰਹੇ ਹਨ। ਉਹਨਾਂ ਵਲੋਂ ਅਰਜ਼ ਆਈ ਹੈ (ਮਾਤਾ ਜੀ ਦੇ ਪੇਕੇ ਪਰਿਵਾਰ ਵਲੋਂ) ਅਗਲੇ ਸਾਲ ਹੋਲਾ ਜਗਜੀਤ ਨਗਰ (ਇਲਾਕਾ ਸ੍ਰੀ ਜੀਵਨ ਨਗਰ, ਜ਼ਿਲਾ ਸਿਰਸਾ, ਹਰਿਆਣਾ) ਵਿਖੇ ਹੋਵੇਗਾ। ਸਾਧ ਸੰਗਤ ਨੂੰ ਵੀ ਪਤਾ ਲਗੇਗਾ ਜਿਹੜਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਸਾਇਆ ਹੋਇਆ ਇਲਾਕਾ ਹੈ। ਕਿਸ ਤਰ੍ਹਾਂ ਉਹਨਾਂ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਨੂੰ ਵਸਾਇਆ ਸੀ। ਉਹਦੇ ਦਰਸ਼ਨ ਵੀ ਬਾਹਰਲੀ ਸੰਗਤ ਨੂੰ ਕਰਨ ਦਾ ਮੌਕਾ ਮਿਲੇਗਾ। ਮਾਤਾ ਜੀ ਦੀ ਯਾਦ ਤੇ ਸਦਾ ਹੀ ਸਾਡੇ ਕੋਲ ਰਹਿੰਦੀ ਏ। ਮਾਤਾ ਜੀ ਦੇ ਜੀਵਨ ਵਿਚੋਂ ਅਸੀਂ ਬਹੁਤ ਕੁਝ ਸਿਖਦੇ ਹਾਂ ਤੇ ਨਾਲੇ ਮਾਤਾ ਜੀ ਦੀ ਯਾਦ ਸਾਡੇ ਵਾਸਤੇ ਤਾਜ਼ੀ ਹੋ ਜਾਵੇਗੀ।*

## ਬੱਚਿਆਂ ਨੂੰ ਇਤਿਹਾਸ ਦਾ ਪਤਾ ਲਗਦਾ ਹੈ

*ਐਂਤਕੀ ਬੜੀ ਖੁਸ਼ੀ ਹੋਈ ਏ, ਬਾਹਰੋਂ ਬੜੀ ਸੰਗਤ ਆਈ ਹੈ ਖਾਸ ਕਰਕੇ ਥਾਈਲੈਂਡ ਤੋਂ। ਕਈ ਵਾਰੀ ਸਾਨੂੰ ਇਹ ਘਾਟ ਮਹਿਸੂਸ ਹੁੰਦੀ ਸੀ ਕਿ ਥਾਈਲੈਂਡ ਖਾਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਾਜੀ ਹੋਈ ਸਿਖੀ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਵੀ ਇੰਨੇ ਦੌਰੇ ਕੀਤੇ ਪਰ ਉਹ ਕੁਝ ਸਿੱਖੀ ਨਾਲੋਂ ਟੁੱਟਦੇ ਜਾਂਦੇ ਨੇ। ਅਰਦਾਸ ਏ ਸੱਚੇ ਪਾਤਸ਼ਾਹ ਕਿਰਪਾ ਕਰਨ ਉਥੇ ਮੁੜ ਕੇ ਜਿਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ ਸੀ ਉਸ ਤਰ੍ਹਾਂ ਉਥੇ ਸਿਖੀ ਵਧੇ ਫੁੱਲੇ, ਉਥੇ ਨਾਮ ਜਪਿਆ ਜਾਵੇ। ਐਤਕੀਂ ਬੜੀ ਖੁਸ਼ੀ ਹੋਈ ਏ ਬਹੁਤ ਸੰਗਤ ਆਈ ਏ। ਉਹਨਾਂ ਨੇ ਇਥੇ ਆ ਕੇ ਇਕ ਇਤਿਹਾਸਕ ਡਰਾਮਾ (ਨਾਟਕ) ਵੀ ਕੀਤਾ ਹੈ। ਬੱਚਿਆਂ ਨੂੰ ਇਤਿਹਾਸ ਦਾ ਪਤਾ ਲਗਿਆ ਹੈ, ਉਹ ਸਾਡੇ ਨਾਲ ਸ਼ਾਮਿਲ ਹੋਏ ਨੇ। ਇਹ ਅਰਦਾਸ ਏ ਜਿਹੜੇ ਇਹਨਾਂ ਨੂੰ ਲੈ ਕੇ ਆਏ ਨੇ, ਉਹਨਾਂ ਦੇ ਮਾਪੇ ਉਹਨਾਂ ਸਾਰਿਆਂ ਦਾ ਮੈਂ ਧੰਨਵਾਦ ਕਰਦਾ ਹਾਂ। ਖਾਸ ਕਰਕੇ ਬੀਬੀ ਕੰਵਲਜੀਤ ਕੌਰ ਜਿਹੜੀ ਲੈ ਕੇ ਆਈ ਏ, ਬੀਬੀ ਨੀਤੀ ਜਿਹਨਾਂ ਨੇ ਸਾਰੀ ਤਿਆਰੀ ਕੀਤੀ ਏ, ਬਾਕੀ ਸਾਰੇ ਪਰਿਵਾਰ, ਸਾਰੇ ਮਾਪਿਆਂ ਦਾ ਵੀ ਧੰਨਵਾਦ ਕਰਦਾ ਹਾਂ।*

*ਅਖੀਰ ਵਿਚ ਮੈਂ ਸਾਰੀ ਬਾਹਰੋਂ ਆਈ ਹੋਈ ਸੰਗਤ ਦਾ ਧੰਨਵਾਦੀ ਵੀ ਹਾਂ, ਮੇਰੀ ਇਹ ਅਰਦਾਸ ਏ, ਸਮੇਤ ਮੇਰੇ, ਸੱਚੇ ਪਾਤਸ਼ਾਹ ਕਿਰਪਾ ਕਰਨ ਅਸੀਂ ਉਹਨਾਂ ਦੇ ਹੁਕਮਾਂ ਤੇ ਚਲਦੇ ਹੋਏ ਉਹਨਾਂ ਦੀ ਰਜ਼ਾ ਵਿਚ ਰਹਿੰਦੇ ਹੋਏ, ਉਹਨਾਂ ਦੀਆਂ ਖੁਸ਼ੀਆਂ ਲੈ ਸਕੀਏ। ਜਿੰਨਾਂ ਨੇ ਇਥੇ ਸੇਵਾ ਕੀਤੀ ਏ ਉਹਨਾਂ ਸਾਰਿਆਂ ਦਾ ਮੈਂ ਬਹੁਤ ਧੰਨਵਾਦੀ ਹਾਂ। ਸੇਵਾ ਵਾਸਤੇ ਤਾਂ ਧੰਨਵਾਦ ਸ਼ਬਦ ਬਹੁਤ ਛੋਟਾ ਹੈ। ਮੈਂ ਇਹੀ ਕਹਿੰਦਾ ਹਾਂ, ਕਿ ਜਿੰਨਾਂ ਨੇ ਸੇਵਾ ਕੀਤੀ ਏ ਉਹਨਾਂ ਦੇ ਵਡੇ ਭਾਗ ਨੇ। ਭਾਗਾਂ ਤੋਂ ਬਿਨਾਂ, ਸੇਵਾ ਮਿਲਦੀ ਨਹੀਂ। ਸੱਚੇ ਪਾਤਸ਼ਾਹ ਕਿਰਪਾ ਕਰਨ, ਸੱਚੇ ਪਾਤਸ਼ਾਹ ਜੀ ਦੀ ਸੰਗਤ ਇਸ ਤਰ੍ਹਾਂ ਵਧਦੀ ਰਹੇ, ਉਹਨਾਂ ਦਾ ਨਾਮ ਇਸੇ ਤਰ੍ਹਾਂ ਹੀ ਜਪਿਆ ਜਾਂਦਾ ਰਹੇ, ਇਸ ਤਰ੍ਹਾਂ ਹੀ ਮੇਲੇ ਹੁੰਦੇ ਰਹਿਣ, ਸੇਵਾ ਹੁੰਦੀ ਰਹੇ।*

*ਸਤਿ ਸ੍ਰੀ ਅਕਾਲ*

*16 ਮਾਰਚ 2017, ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ*

# ਤ੍ਰਿਬੇਣੀ ਪੁਰਬ ਹੋਲਾ ਮਹੱਲਾ ਸੰਪੰਨ..(ਬਾਕੀ ਸਫਾ 2 ਦੀ)



ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਰਾਗੀ ਸਿੰਘ ਕੀਰਤਨ ਕਰਦੇ ਹੋਏ।

ਸਿੰਘ, ਕਿਰਪਾਲ ਸਿੰਘ, ਦਵਿੰਦਰ ਸਿੰਘ, ਤੇ ਸਾਥੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਨਮਸਕਾਰ ਕੀਤੀ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਉਪਰੰਤ ਦਿਵਾਨਾਂ ਦੀ ਅਨਾਊਂਸਮੈਂਟ ਕੀਤੀ ਗਈ।

**ਦਿਵਾਨਾਂ ਦੀ ਆਰੰਭਤਾ–** ਪ੍ਰਤਾਪ ਮੰਦਰ ਵਿਚ ਜਥੇਦਾਰ ਕੁਲਦੀਪ ਸਿੰਘ ਦਾਤੇਵਾਲ ਨੇ ਦਿਵਾਨ ਦੀ ਆਰੰਭਤਾ ਕੀਤੀ। ਜਥੇਦਾਰ ਸੁਰਿੰਦਰ ਸਿੰਘ, ਸ੍ਰੀ ਭੈਣੀ ਸਾਹਿਬ, ਜਥੇਦਾਰ ਪਾਲਾ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਕੁਲਵੀਰ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦੇ ਦਿਵਾਨ ਸਜਾਏ। ਪੰਡਤ ਹਰ..... ਸਿੰਘ ਝੱਲਾਂ ਵਾਲਿਆਂ ਨੇ ਆਪਣੀ ਮਧੁਰ ਆਵਾਜ਼ ਵਿਚ ਹੋਲੇ ਮਹੱਲੇ ਦੀ ਵਿਆਖਿਆ ਕੀਤੀ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਨੇਕੀ ਦੀ ਬਦੀ ਉਤੇ ਜਿੱਤ ਹੁੰਦੀ ਹੈ। ਮਨੁੱਖ ਨੂੰ ਆਪਣਾ ਹੰਕਾਰ ਨਹੀਂ ਕਰਨਾ ਚਾਹੀਦਾ। ਸਤਿਗੁਰੂ ਜੀ ਦੇ ਚਰਨਾਂ ਵਿਚ ਆਪਣਾ ਤਨ, ਮਨ ਅਰਪਣ ਕਰਨਾ ਚਾਹੀਦਾ ਹੈ। ਜੀਵਨ ਤਦ ਹੀ ਸਫਲ ਹੋ ਸਕਦਾ ਹੈ ਜਦੋਂ ਮਨੁੱਖ ਹਉਮੈ ਨੂੰ ਛੱਡ ਕੇ ਗੁਰੂ ਚਰਨਾਂ ਵਿਚ ਲਗੇ। ਆਪਣਾ ਜੀਵਨ ਸਤਿਗੁਰੂ ਨੂੰ ਸਮਰਪਿਤ ਕਰੇ।

**ਨਿਤਨੇਮ–** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਨਿਤਨੇਮ ਤੋਂ ਪਹਿਲਾਂ ਹੀ ਦਰਸ਼ਨ ਦੇਣ ਦੀ ਕਿਰਪਾ ਕੀਤੀ। 2 ਵਜੇ ਨਿਤਨੇਮ ਦੀ ਅਰਦਾਸ ਹੋਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਸਤਿਗੁਰੂ ਜੀ ਆਪਣੇ ਉਪਦੇਸ਼ ਵਿਚ ਦੱਸ ਰਹੇ ਸਨ : **"ਸਾਡਾ ਅੰਮ੍ਰਿਤ ਵੇਲੇ ਦਾ ਉਠਣਾ ਬਹੁਤ ਘਟ ਗਿਐ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ ਨਾਮਧਾਰੀ ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਜੀਅ ਨਹੀਂ ਕਰਦਾ।"**

**ਕੀਰਤਨ–** ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਉਪਰੰਤ ਰਾਤ ਦੇ ਦਿਵਾਨਾਂ ਦੀ ਅਨਾਊਂਸਮੈਂਟ ਕੀਤੀ ਗਈ।

**ਰਾਤ ਦਾ ਦਿਵਾਨ**–ਜਥੇਦਾਰ ਕਰਤਾਰ ਸਿੰਘ ਰਾਈਆਂ ਨੇ ਆਰੰਭ ਕੀਤਾ। ਉਹਨਾਂ ਨੇ ***ਦਰਸਨੁ ਦੇਖਿ ਜੀਵਾਂ ਗੁਰ ਤੇਰਾ।।*** ਸ਼ਬਦ ਗਾਇਨ ਕਰਕੇ ਦਿਵਾਨ ਸਜਾਇਆ।

ਇਸ ਤੋਂ ਬਾਅਦ ਕਵੀਸਰ ਤਰਨ ਸਿੰਘ ਸ੍ਰੀ ਭੈਣੀ ਸਾਹਿਬ ਤੇ ਸਾਥੀ ਕਵੀਆਂ ਨੇ ਮਿਲਕੇ ਕਵੀਸਰੀ ਪ੍ਰਸੰਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ। ਇਹਨਾਂ ਦੇ ਦਿਵਾਨ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਤਿਗੁਰੂ ਜੀ ਆਪ ਇਹਨਾਂ ਦਾ ਦਿਵਾਨ (ਕਵੀਸ਼ਰੀ) ਸੁਣਕੇ ਬਹੁਤ ਪ੍ਰਸੰਨ ਹੋਏ ਤੇ ਖੁਸ਼ੀਆਂ ਬਖਸ਼ੀਆਂ। ਪੰਡਾਲ ਵਿਚ ਸੰਗਤ ਭਾਵੇਂ ਥੋੜੀ ਸੀ ਪਰ ਸਤਿਗੁਰੂ ਜੀ ਨੇ ਇਸ ਘਾਟ ਨੂੰ ਪੂਰਾ ਕਰ ਦਿੱਤਾ। ਸਤਿਗੁਰੂ ਜੀ ਦੇ ਨਾਲ ਹੀ ਸੰਗਤ ਨੇ ਵੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਥੇਦਾਰ ਜਸਵੰਤ ਸਿੰਘ ਮਸਤ ਸ੍ਰੀ ਭੈਣੀ ਸਾਹਿਬ, ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਅਮਰੀਕ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪੋ ਆਪਣੀ ਸ਼ੈਲੀ ਵਿਚ ਹੋਲੇ ਮਹੱਲੇ ਦਾ ਪ੍ਰਸੰਗ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ। ਜਥੇਦਾਰ ਸਵਰਨ ਸਿੰਘ ਦਿੱਲੀ ਨੇ ਹੱਲੇ ਦਾ ਦਿਵਾਨ ਸਜਾਇਆ। ਜਥੇਦਾਰ ਨੰਤਾ ਸਿੰਘ ਨੇ ਆਪਣੀ ਸ਼ੈਲੀ ਵਿਚ ਗੁਰੂ ਦਾ ਹਰ ਜਸ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ।

### ਹੋਲੇ ਮਹੱਲੇ ਦਾ ਦੂਸਰਾ ਦਿਨ 13 ਮਾਰਚ 2017

ਅੱਜ ਹੋਲੇ ਮਹੱਲੇ ਦਾ ਦੂਸਰਾ ਦਿਨ ਸੀ। ਸੰਗਤਾਂ ਦੂਰ ਦੂਰ ਤੋਂ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਨਤਮਸਤਕ ਹੋ ਰਹੀਆਂ ਸਨ। ਖੁਲੀਆਂ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਜਾਣ ਵਾਲੀਆਂ ਸ੍ਰੀ ਭੈਣੀ ਸਾਹਿਬ ਆਣ ਕੇ ਦਰਸ਼ਨ ਕਰ ਰਹੀਆਂ ਸਨ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਦਵਿੰਦਰ ਸਿੰਘ, ਹਾਕਮ ਸਿੰਘ, ਕਿਰਪਾਲ ਸਿੰਘ ਤੇ ਸਾਥੀ ਰਾਗੀ ਸਿੰਘਾਂ ਵਲੋਂ ਮਿਲਕੇ ਤੰਤੀ ਸਾਜਾਂ ਨਾਲ ਗਾਇਨ ਕੀਤਾ ਗਿਆ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ। ਇਸ ਦੇ ਨਾਲ ਹੀ ਆਸਾ ਦੀ ਵਾਰ ਦੀ ਸਮਾਪਤੀ ਕੀਤੀ ਗਈ।

**ਦੁਪਹਿਰ ਦੇ ਦਿਵਾਨ–** ਦੁਪਹਿਰ ਦੇ ਦਿਵਾਨ ਸਿਮਰਤੀ ਮੰਦਰ ਵਿਚ ਜਥੇਦਾਰਾਂ ਵਲੋਂ ਆਪੋ ਆਪਣੇ ਜਥਿਆਂ ਸਮੇਤ ਢੋਲਕੀ ਛੈਣਿਆਂ ਦੇ ਨਾਲ ਹੱਲੇ ਦੇ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਜਥੇਦਾਰਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਅਤੇ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ ਅਤੇ ਉਹਨਾਂ ਦੇ ਕੀਤੇ ਪਰਉਪਕਾਰਾਂ ਦਾ ਵਰਨਣ ਕੀਤਾ। ਅੱਜ ਦੇ ਦਿਵਾਨਾਂ ਵਿਚ ਜਥੇਦਾਰ ਸਨ– ਜਥੇਦਾਰ ਸੁਰਿੰਦਰ ਸਿੰਘ ਕੱਕੜ, ਜ. ਸੁਖਵੰਤ ਸਿੰਘ ਮੁਹਾਵਾ, ਜ. ਅਮਰੀਕ ਸਿੰਘ ਲੁਧਿਆਣਾ, ਸੂਬਾ ਨਿਰੰਜਨ ਸਿੰਘ ਟਮਕੌਦੀ, ਸੂਬਾ ਅਜੀਤ ਸਿੰਘ ਬਟਾਲਾ, ਜ. ਜਸਪਾਲ ਸਿੰਘ ਸੰਤ ਨਗਰ (ਪੰਡਤ ਗੋਪਾਲ ਸਿੰਘ ਦੇ ਸ਼ਗਿਰਦ), ਕਵੀਸ਼ਰ ਗੁਰਸੇਵਕ ਸਿੰਘ, ਜਰਨੈਲ ਸਿੰਘ ਤੇ ਮਲ ਸਿੰਘ ਅਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ।

**ਨਿਤਨੇਮ ਤੇ ਕੀਰਤਨ–** ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਕਿਰਪਾਲ ਸਿੰਘ, ਰਤਨ ਸਿੰਘ ਨੇ ਮਿਲਕੇ ਕੀਤਾ। ਇਕ ਘੰਟੇ ਦਾ ਨਿਤਨੇਮ 2 ਤੋਂ 3 ਵਜੇ ਤਕ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਕੀਤਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਉਪਦੇਸ਼ ਟੇਪ ਸਰਵਣ ਕੀਤਾ ਗਿਆ। ਇਸ ਸਮੇਂ 22 ਪਾਠਾਂ ਦੇ ਭੋਗ ਪਾਏ ਗਏ। ਇਸ ਤੋਂ ਉਪਰੰਤ ਕੀਰਤਨ ਵਿਚ ਹਜ਼ੂਰੀ ਰਾਗੀ ਸਿੰਘਾਂ ਨੇ– ***ਹੋਲੀ ਕੀਨੀ ਸੰਤ ਸੇਵ।।*** ਸ਼ਬਦ ਗਾਇਨ ਕੀਤਾ।

**ਵਿਦਿਅਕ ਜਥੇ ਦਾ ਉਦਘਾਟਨ–** ਵਿਸ਼ਵ ਨਾਮਧਾਰੀ ਵਿਦਿਅਕ ਜਥੇ ਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦਾ ਉਦਘਾਟਨ ਸ੍ਰੀ ਸਤਿਗੁਰੂ

(ਬਾਕੀ ਸਫਾ 5 'ਤੇ)



ਹੋਲੇ ਮਹੱਲੇ ਦੇ ਆਖਰੀ ਦਿਨ ਆਪਣੀ ਹਾਜ਼ਰੀ ਲੁਆਉਂਦੇ ਸਿੰਘ।

# ਤ੍ਰਿਬੇਣੀ ਪੁਰਬ ਹੋਲਾ ਮਹੱਲਾ ਸੰਪੰਨ..(ਬਾਕੀ ਸਫਾ 4 ਦੀ)

ਉਦੈ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਰਤਨ ਦੀ ਸਮਾਪਤੀ ਤੋਂ ਬਾਅਦ ਕੀਤਾ। ਇਸ ਦਫਤਰ ਵਿਚ ਸਾਰੀਆਂ ਪੁਸਤਕਾਂ ਉਪਲਬੱਧ ਹਨ। ਇਥੇ ਹੀ ਨੌਜਵਾਨ ਲੜਕੇ ਲੜਕੀਆਂ ਵਲੋਂ 'ਪਰਣ' ਲਏ ਗਏ। ਪਿਛਲੇ ਸਾਲ 40 ਲੜਕਿਆਂ ਨੇ ਪਰਣ ਲਏ ਸਨ ਇਸ ਵਾਰੀ 20 ਲੜਕਿਆਂ ਨੇ ਪਰਣ ਲਏ। ਇਹ ਇਕ ਬਹੁਤ ਹੀ ਵਧੀਆ ਉਪਰਾਲਾ ਹੈ। ਸਾਡੇ ਸਾਰੇ ਨੌਜਵਾਨਾਂ ਨੂੰ ਇਸ ਵਿਚ ਵਧ ਚੜ ਕੇ ਪਰਣ ਲੈਣੇ ਚਾਹੀਦੇ ਹਨ ਤਾਂਕਿ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਨੰਦ ਕਾਰਜ ਬਿਨਾਂ ਦਾਜ ਦਹੇਜ ਹੋਣ। ਅਨੰਦ ਕਾਰਜ ਵਾਸਤੇ ਵੀ ਇਥੇ ਫਾਰਮ ਭਰੇ ਗਏ ਸਨ।

**ਰਾਤ ਦੇ ਦਿਵਾਨ–** ਅੱਜ ਹੋਲੇ ਦਾ ਦੂਸਰਾ ਦਿਨ ਸੀ। ਸੰਗਤਾਂ ਦੀ ਆਮਦ ਹੌਲੀ ਹੌਲੀ ਵਧ ਰਹੀ ਸੀ। ਰਾਤ ਦੇ ਦਿਵਾਨ 6.30 ਵਜੇ ਆਰੰਭ ਕੀਤੇ ਗਏ ਸਨ। ਅੱਜ ਦੇ ਦਿਵਾਨਾਂ ਵਿਚ ਜਥੇਦਾਰਾਂ ਨੇ ਹੱਲੇ ਦੇ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਅੱਜ ਰਾਤ ਦੇ ਦਿਵਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ– ਜਥੇਦਾਰ ਜੋਗਿੰਦਰ ਸਿੰਘ ਬਾਜਵਾ, ਜਥੇਦਾਰ ਮਨਮੋਹਨ ਸਿੰਘ ਜਮਨਾ ਨਗਰ, ਜ. ਬਲਵਿੰਦਰ ਸਿੰਘ ਚੰਡੀਗੜ੍ਹ, ਜ. ਬਲਵਿੰਦਰ ਸਿੰਘ, ਜ. ਸਰਬਜੀਤ ਸਿੰਘ, ਜ. ਮਨਜੀਤ ਸਿੰਘ ਦਿੱਲੀ, ਜਥੇਦਾਰ ਪਿਆਰਾ ਸਿੰਘ ਸ੍ਰੀ ਭੈਣੀ ਸਾਹਿਬ ਤੇ ਸੂਬਾ ਸੰਦੀਪ ਸਿੰਘ।

### ਹੋਲੇ ਮਹੱਲੇ ਦਾ ਤੀਸਰਾ ਦਿਨ 14 ਮਾਰਚ 2017

ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਮਾਸਟਰ ਦਰਸਨ ਸਿੰਘ, ਸਰਵ ਸੰਤ ਬਲਵੰਤ ਸਿੰਘ, ਕਿਰਪਾਲ ਸਿੰਘ, ਈਸਰ ਸਿੰਘ, ਜਸਪਾਲ ਸਿੰਘ, ਦਵਿੰਦਰ ਸਿੰਘ, ਨਿਸ਼ਾਨ ਸਿੰਘ, ਪ੍ਰੀਤਮ ਸਿੰਘ, ਬਿਧੀ ਸਿੰਘ, ਸਾਧਾ ਸਿੰਘ, ਸੁਰਮੁਖ ਸਿੰਘ ਨੇ ਢੋਲਕੀ ਛੈਣਿਆਂ ਦੇ ਨਾਲ ਗਾਇਨ ਕੀਤਾ। ਸ਼ਬਦ ਸਨ–

***– ਦਰਸਨ ਕੀ ਮਨਿ ਆਸ ਘਨੇਰੀ।।***
***– ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ।।***
***– ਮਨ ਰੇ ਕਉਨੁ ਕੁਮਤਿ ਤੈ ਲੀਨੀ।।***

ਅੱਜ ਦੀ ਵਾਰ ਪ੍ਰਤਾਪ ਮੰਦਰ ਵਿਚ ਹੀ ਸੀ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਸਾਰੀ ਸੰਗਤ ਨੇ ਵਾਰੋ ਵਾਰੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਨਮਸਕਾਰ ਕਰਕੇ ਆਪਣਾ ਜਨਮ ਸਫਲਾ ਕੀਤਾ।

**ਹੱਲੇ ਦੇ ਦਿਵਾਨ–** ਹੱਲੇ ਦੇ ਦਿਵਾਨਾਂ ਵਿਚ ਸਭ ਤੋਂ ਪਹਿਲਾਂ ਜਥੇਦਾਰ ਰਣਜੀਤ ਸਿੰਘ, ਜ. ਸੰਤਾ ਸਿੰਘ, ਜ. ਦਵਿੰਦਰ ਸਿੰਘ ਨੇ ਆਪਣੇ ਦਿਵਾਨ ਸਜਾਏ। ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਕਵੀਸ਼ਰ ਦਿਲਬਾਗ ਸਿੰਘ ਵਲਟੋਹਾ ਤੇ ਸਾਥੀ ਜਥਾ, ਕਵੀ ਜੋਗਾ ਸਿੰਘ ਭੰਗੂਰ, ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦੇ ਦਿਵਾਨ ਸਜਾ ਕੇ ਹੋਲੇ ਮਹੱਲੇ ਦੀ ਮਹੱਤਤਾ ਦਾ ਵਰਨਣ ਕੀਤਾ। ਕਵੀਸ਼ਰੀ ਜਥੇ ਨੇ ਛੰਦਾ ਬੰਦੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੀਤੇ ਹੋਲੇ ਮਹੱਲਿਆਂ ਦਾ ਵਰਨਣ ਕੀਤਾ। ਉਪਰੰਤ ਪੰਡਤ ਯਾਦਵਿੰਦਰ ਸਿੰਘ ਨੇ ਆਪਣੀ ਕਥਾ ਵਿਚ ਹੋਲੇ ਦਾ ਪ੍ਰਸੰਗ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਨਿਤਨੇਮ ਤੇ ਕੀਰਤਨ–** ਅੱਜ ਦੁਪਹਿਰ ਦਾ ਪ੍ਰੋਗਰਾਮ ਬਾਹਰ ਬਣੇ ਸੁੰਦਰ ਪੰਡਾਲ ਵਿਚ ਕਰਵਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸਦੇ ਨਾਲ ਹੀ ਨਿਤਨੇਮ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਇਸ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਅੱਜ ਦੇ ਪਾਵਨ ਉਪਦੇਸ਼ ਵਿਚ ਸ੍ਰੀ ਸਤਿਗੁਰੂ ਜੀ ਨੇ ਵਿਆਹ ਸੰਬੰਧੀ ਉਪਦੇਸ਼ ਦੀ ਕਿਰਪਾ ਕੀਤੀ। ਉਹਨਾਂ ਹੁਕਮ ਕੀਤਾ ਕਿ **ਸਾਨੂੰ ਅਨੰਦ ਕਾਰਜ ਨੂੰ ਅਨੰਦ ਕਾਰਜ ਤਕ ਹੀ ਸੀਮਿਤ ਰੱਖਣਾ ਚਾਹੀਦਾ ਹੈ ਘਰਾਂ 'ਚ ਜਾਕੇ ਪਾਰਟੀਆਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਨਾ ਹੀ ਦਾਜ ਦਹੇਜ ਲੈਣਾ ਚਾਹੀਦਾ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਰਹਿਕੇ ਅਨੰਦ ਮਾਣਨਾ ਚਾਹੀਦਾ ਹੈ।**

**ਕੀਰਤਨ–** ਹਜ਼ੂਰੀ ਰਾਗੀ ਸਰਵ ਸੰਤ ਹਰਬੰਸ ਸਿੰਘ ਘੁੱਲਾ, ਸੁਖਦੇਵ ਸਿੰਘ, ਅਜੈਪਾਲ ਸਿੰਘ, ਸ਼ਾਮ ਸਿੰਘ, ਕਿਰਪਾਲ ਸਿੰਘ, ਸੁਰਮੁਖ ਸਿੰਘ, ਰਤਨ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਗਾਇਨ ਕੀਤਾ। ਅੱਜ ਦੇ ਸ਼ਬਦ ਸਨ–

***–ਕੁਚਿਲ ਕਠੋਰ ਕਪਟ ਕਾਮੀ***
***ਜਿਉ ਜਾਨਹਿ ਤਿਉ ਤਾਰਿ ਸੁਆਮੀ।।***
***–ਸਗਲ ਭਵਨ ਕੇ ਨਾਇਕਾ***
***ਇਕੁ ਛਿਨੁ ਦਰਸੁ ਦਿਖਾਇ ਜੀ।।***
***–ਪਿਰੁ ਘਰਿ ਨਹੀ ਆਵੈ ਮਰੀਐ ਹਾਵੈ***
***ਦਾਮਨਿ ਚਮਕਿ ਡਰਾਏ।।***

ਇਹ ਸ਼ਬਦ ਤਿੰਨ ਤਾਲ ਵਿਚ ਗਾਇਨ ਕੀਤੇ ਗਏ।

**ਰਾਤ ਦੇ ਦਿਵਾਨ–** ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਦਿਵਾਨਾਂ ਦੀ ਸ਼ੁਰੂਆਤ ਕੀਤੀ।

**ਕਾਕਾ ਗੁਰਬਖਸ਼ ਸਿੰਘ ਕਨੇਡਾ** ਨੇ

*ਆਏ ਗੁਰ ਰਾਮ ਸਿੰਘ ਵਾਲੀ ਦੋ ਜਹਾਨ ਦੇ।*

ਧਾਰਨਾ ਲਾ ਕੇ ਦਿਵਾਨ ਸਜਾਇਆ। ਲੜਕੀਆਂ ਦੇ ਦਿਵਾਨਾਂ ਵਿਚ–

*ਕਲਜੁਗ ਵਿਚ ਸਤਿਜੁਗ ਲਾਇਆ*
*ਲਾਇਆ ਗੁਰ ਰਾਮ ਸਿੰਘ ਨੇ।*

**ਜ. ਜਸਵੰਤ ਸਿੰਘ ਸ੍ਰੀ ਭੈਣੀ ਸਾਹਿਬ** ਨੇ–

*ਆਵਹੁ ਠਾਕੁਰ ਜੀ*
*ਆਪਣੀ ਵਸਤ ਸੰਭਾਲੋ।*

ਅਤੇ

*ਨਹੀਂ ਤੇ ਖਾਲਸੇ ਦੀ ਰੀਤ ਮਿਟ ਜਾਂਦੀ*
*ਰੱਖੀ ਗੁਰੂ ਰਾਮ ਸਿੰਘ ਨੇ।*

ਧਾਰਨਾ ਲਾ ਕੇ ਹੱਲੇ ਦਾ ਦਿਵਾਨ ਸਜਾਇਆ।


**ਜਥੇਦਾਰ ਹਰਵੇਲ ਸਿੰਘ ਕਵੀਸ਼ਰ** ਨੇ ਆਪਣੇ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦਾ ਪ੍ਰਸੰਗ ਸੁਣਾ ਕੇ ਕਥਾ ਰਾਹੀਂ ਸਾਰੀ ਸਾਧ ਸੰਗਤ ਨੂੰ ਨਿਹਾਲ ਕੀਤਾ।

**ਕਵੀ ਦਰਬਾਰ**–ਅੱਜ ਹੋਲੇ ਮਹੱਲੇ ਦੇ ਤੀਸਰੇ ਦਿਨ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰਧਾਨ ਹਰਜਿੰਦਰ ਸਿੰਘ ਟਰਾਂਟੋ, ਸੂਬਾ ਰੇਸ਼ਮ ਸਿੰਘ ਕਨੇਡਾ, ਬੀਬੀ ਹਰਪਾਲ ਕੌਰ ਨੇ ਕੀਤੀ। ਸੂਬਾ ਹਰਭਜਨ ਸਿੰਘ, ਸੰਤ ਸਤਨਾਮ ਸਿੰਘ ਸਸਰਾਲੀ ਵਾਲਿਆਂ ਨੇ ਵੀ ਕਵੀ ਦਰਬਾਰ ਦੀ ਸੋਭਾ ਨੂੰ ਵਧਾਇਆ। ਵੱਖ ਵੱਖ ਕਵੀ ਸਜਣਾਂ ਨੇ ਆਕੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

**ਪ੍ਰਧਾਨ ਹਰਜਿੰਦਰ ਸਿੰਘ ਟਰਾਂਟੋ** ਨੇ ਕਵੀ ਸਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਅਨੰਦ ਮਾਣ ਰਹੇ ਹਾਂ। ਕਵੀ ਸਜਣਾਂ ਨੇ ਬਹੁਤ ਵਧੀਆ ਰੰਗ ਬੰਨ੍ਹਿਆ ਹੋਇਆ ਸੀ। ਬਹੁਤ ਹੀ ਵਧੀਆ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਹਨ। ਪ੍ਰਧਾਨਗੀ ਮੰਡਲ ਵਲੋਂ ਕਵੀਆਂ ਦਾ ਮਾਣ ਸਨਮਾਨ ਕੀਤਾ ਗਿਆ। ਸਟੇਜ ਸਕੱਤਰਤਾ ਸੁਖਵਿੰਦਰ ਸਿੰਘ ਲਾਇਲ ਨੇ ਕੀਤੀ।

**ਦਿਵਾਨ–** ਜਥੇਦਾਰ ਜਸਵੀਰ ਸਿੰਘ ਖਿਆਲਾ ਨੇ ਹਲੇ ਦਾ ਦਿਵਾਨ ਸਜਾਇਆ। ਧਾਰਨਾ ਸੀ–

(ਬਾਕੀ ਸਫਾ 6 'ਤੇ)



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਛੋਟੇ ਬੱਚੇ ਦਿਵਾਨ ਸਜਾਉਂਦੇ ਹੋਏ।



ਹੋਲੇ ਮਹੱਲੇ 2017 ਦੇ ਆਖਰੀ ਦਿਨ ਆਪਣੀ ਹਾਜ਼ਰੀ ਲੁਆਉਂਦੀਆਂ ਬੀਬੀਆਂ।

# ਤ੍ਰਿਬੇਣੀ ਪੁਰਬ ਹੋਲਾ ਮਹੱਲਾ ਸੰਪੰਨ..(ਬਾਕੀ ਸਫਾ 5 ਦੀ)






**ਮੇਲੇ ਦੇ ਆਖਰੀ ਦਿਨ ਥਾਈਲੈਂਡ ਦੀ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਏ ਵਿਛੋੜੇ ਨੂੰ ਸਾਧ ਸੰਗਤ ਸਾਹਮਣੇ ਪੇਸ਼ ਕੀਤਾ ਗਿਆ। ਉਪਰ ਪ੍ਰਤਾਪ ਮੰਦਰ ਵਿਚ ਜੁੜੀ ਸਾਧ ਸੰਗਤ ਅਤੇ ਹੇਠਾਂ ਨਾਟਕ ਦੌਰਾਨ ਆਪਣੇ ਪ੍ਰੀਤਮ ਪਿਆਰੇ ਦੇ ਵਿਛੋੜੇ ਵਿਚ ਕੁਰਲਾਂਦੀ ਸੰਗਤ ਦਾ ਦ੍ਰਿਸ਼।**

*ਨਾ ਓਹਿ ਮਰਹਿ ਨ ਠਾਗੇ ਜਾਹਿ*
*ਜਿਨ ਕੈ ਰਾਮੁ ਵਸੈ ਮਨ ਮਾਹਿ।।*

ਇਸ ਤੋਂ ਬਾਅਦ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ, ਕਵੀ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਪ੍ਰੀਤਮ ਸਿੰਘ, ਸੂਬਾ ਮੋਹਕਮ ਸਿੰਘ, ਜਸਵਿੰਦਰ ਸਿੰਘ ਭਿੰਡਰ, ਬਿਹਾਰਾ ਸਿੰਘ, ਨਿਰਮਲ ਸਿੰਘ, ਕਵੀ ਅਮਰੀਕ ਸਿੰਘ ਨੇ ਹੱਲੇ ਦੇ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**15 ਮਾਰਚ 2017**

**ਹੋਲੇ ਮਹੱਲੇ ਦਾ ਚੌਥਾ ਦਿਨ**

ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਸ਼ਬਦ ਗਾਇਨ ਕੀਤੇ। :

*-ਮੇਰੇ ਮਨ ਰਾਮ ਨਾਮਿ ਚਿਤੁ ਲਾਇ।।*
*-ਮਾਧੌ ਹਮ ਐਸੇ ਤੂ ਐਸਾ।।*

ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਗਤਾਂ ਵਾਰੋ ਵਾਰੀ ਆਕੇ ਨਮਸਕਾਰ ਕਰਕੇ ਆਪਣੇ ਸਥਾਨ ਤੇ ਬੈਠ ਨਾਮ ਸਿਮਰਨ ਕਰ ਰਹੀਆਂ ਸਨ। ਰਾਗੀ ਸਿੰਘਾਂ ਨੇ ਬਸੰਤ ਦੀ ਵਾਰ ਗਾਇਨ ਕੀਤੀ। ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਹੋਈ।

**ਸੰਤ ਹਰਪਾਲ ਸਿੰਘ ਸੋਧੀ** ਨੇ ਅੱਜ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਵਰਨਣ ਕੀਤਾ। ਉਹਨਾਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਇਕ ਘੰਟਾ ਨਿਤਨੇਮ ਰੋਜ਼ ਕਰੋ। ਇਸਦਾ ਫਾਇਦਾ ਤਾਂ ਸਾਨੂੰ ਹੀ ਹੋਣਾ ਹੈ ਭਗਤੀ ਕਰਨ ਨਾਲ ਸਾਡਾ ਮਨ ਸਥਿਰ ਹੁੰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਹੈ ਅੱਜ ਅਸੀਂ ਏਥੇ ਬੈਠੇ ਹਾਂ ਅੱਜ ਦੁਨੀਆਂ ਵਿਚ ਸਾਡੀ ਪਹਿਚਾਣ ਉਹਨਾਂ ਕਰਕੇ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਕੀਤੇ ਹੁਕਮਾਂ ਨੂੰ ਪੂਰਾ ਕਰੀਏ। ਅੱਜ ਸਾਡੇ ਅਨੰਦ ਕਾਰਜਾਂ ਵਿਚ ਦਾਜ ਦਹੇਜ, ਪਾਰਟੀਆਂ ਬਹੁਤ ਵਧ ਗਈਆਂ ਹਨ। ਸਾਨੂੰ ਇਸ ਉਤੇ ਕੰਟਰੋਲ ਕਰਨਾ ਚਾਹੀਦਾ ਹੈ। ਪਿਛਲੇ ਮੇਲੇ ਤੇ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਵਲੋਂ ਇਕ

ਬਹੁਤ ਵਧੀਆ ਉਪਰਾਲਾ ਕੀਤਾ ਗਿਆ ਸੀ। ਪਿਛਲੇ ਮੇਲੇ ਤੇ 40 ਲੜਕਿਆਂ ਨੇ ਪ੍ਰਣ ਲਏ ਸਨ ਕਿ ਅਸੀਂ ਵਿਆਹ ਬਿਨਾਂ ਦਾਜ ਦਹੇਜ ਦੇ ਕਰਾਂਗੇ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਖੁਸ਼ੀਆਂ ਬਖਸ਼ੀਆਂ ਸਨ। ਇਸ ਵਾਰੀ ਮੇਰੀ ਨੌਜਵਾਨਾਂ ਨੂੰ ਬੇਨਤੀ ਹੈ ਕਿ ਉਹ ਇਸ ਕੰਮ ਵਿਚ ਸਾਡਾ ਸਹਿਯੋਗ ਦੇਣ ਤੇ ਵੱਧ ਤੋਂ ਵੱਧ ਨੌਜਵਾਨ ਇਸ ਕਾਰਜ ਵਿਚ ਅੱਗੇ ਆਉਣ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

**ਹੱਲੇ ਦੇ ਦਿਵਾਨ–** ਅੱਜ ਹੋਲੇ ਮਹੱਲੇ ਦਾ ਆਖਰੀ ਦਿਨ ਸੀ। ਇਸ ਕਰਕੇ ਸਾਧ ਸੰਗਤ ਦੂਰ ਦੂਰ ਤੋਂ ਆਪੋ ਆਪਣੇ ਸਾਧਨਾਂ ਰਾਹੀਂ ਸ੍ਰੀ ਭੈਣੀ ਸਾਹਿਬ ਪਹੁੰਚ ਚੁਕੀ ਸੀ। ਅੱਜ ਦਿਨ ਦੇ ਦਿਵਾਨ ਬਾਹਰ ਪੰਡਾਲ ਵਿਚ ਆਰੰਭ ਕੀਤੇ ਗਏ। ਸਭ ਤੋਂ ਪਹਿਲਾਂ ਕਾਕਾ ਸੰਤਾ ਸਿੰਘ, ਜਥੇਦਾਰ ਪ੍ਰਕਾਸ਼ ਸਿੰਘ ਬਿਸ਼ਨਪੁਰੀ, ਜਥੇਦਾਰ ਇਕਬਾਲ ਸਿੰਘ ਅੰਮ੍ਰਿਤਸਰਕਲਾਂ, ਜ. ਹਰਪ੍ਰੀਤ ਸਿੰਘ ਪਾਨੀਪਤ, ਜ. ਗੁਰਬਚਨ ਸਿੰਘ ਵੀਰੋਕੇ, ਜ. ਸੰਤੋਖ ਸਿੰਘ ਸਾਜਨ ਤੇ ਜ. ਗੁਰਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਗੁਰੂ ਦਾ ਹਰਜਸ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਨਿਤਨੇਮ ਤੇ ਕੀਰਤਨ–** ਹਰ ਰੋਜ਼ ਦੀ ਤਰ੍ਹਾਂ ਦੁਪਹਿਰ ਵੇਲੇ 1 ਘੰਟਾ ਨਿਤਨੇਮ ਦੀ ਅਰਦਾਸ ਕੀਤੀ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ।

**ਕੀਰਤਨ–** ਹਜ਼ੂਰੀ ਰਾਗੀ ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਗਿਆਨ ਸਿੰਘ, ਅਜੈਪਾਲ ਸਿੰਘ, ਹਰਬੰਸ ਸਿੰਘ, ਠਾਕੁਰ ਸਿੰਘ, ਕਿਰਪਾਲ ਸਿੰਘ, ਰਤਨ ਸਿੰਘ ਨੇ ਮਿਲਕੇ ਸ਼ਬਦ ਗਾਇਨ ਕੀਤੇ। ਇਹ ਜੋ ਗੀਤ ਗਾਇਨ ਕੀਤੇ ਸੀ ਪੁਰਾਤਨ ਰਬਾਬੀਆਂ ਦੀ ਰੀਤ ਸੀ। ਰਾਗ ਹਮੀਰ ਵਿਚ ਸ਼ਬਦ ਸੀ–

***- ਮੇਰੇ ਲਾਲਨ ਕੀ ਸੋਭਾ।।***
***- ਦਰਸਨੁ ਹਰਿ ਦੇਖਣ ਕੈ ਤਾਈ ।।***

**ਰਾਜਨੀਤਕ ਨੇਤਾ–**

**ਸ. ਸ਼ਰਨਜੀਤ ਸਿੰਘ ਢਿਲੋਂ ਐਮ. ਐਲ. ਏ. (ਸਾਬਕਾ ਮੰਤਰੀ ਪੰਜਾਬ ਗੌਰਮਿੰਟ)**

**ਸ. ਸੁਰਜੀਤ ਸਿੰਘ ਐਮ. ਐਲ. ਏ.**

**ਸ. ਨਵਤੇਜ ਸਿੰਘ ਚੀਮਾ ਐਮ. ਐਲ. ਏ.**

ਸ੍ਰੀ ਸਤਿਗੁਰੂ ਜੀ ਨੇ ਇਹਨਾਂ ਨੇਤਾਵਾਂ ਨੂੰ ਸਿਰੋਪਾ ਬਖਸ਼ਿਸ਼ ਕੀਤਾ।

**ਗੰਗਾ ਸਿੰਘ** ਨੇ ਕਵਿਤਾ ਗਾਇਨ ਕੀਤੀ–

*ਤੇਰੇ ਵਿਯੋਗਾਂ ਅੱਜ ਫਿਰ ਸਾਨੂੰ ਮਾਰਿਆ।*
*ਪਰਦੇਸੀ ਚੰਨਾ ਵੇ ਤੂੰ ਕਦ ਤਕ ਆ ਰਿਹੈ।*


ਇਕ ਸੀ. ਡੀ. ਮਾਸਟਰ ਦਰਸ਼ਨ ਸਿੰਘ ਤੇ ਸੰਤ ਕਰਤਾਰ ਸਿੰਘ ਚਾਨਾ ਯੂ. ਕੇ. ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਕੀਤੀ।

**ਸਿਰੋਪਾ ਭੇਟ–** ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਨੇ ਸ. ਲਖਵੀਰ ਸਿੰਘ ਬਦੋਵਾਲ ਤੇ ਸ. ਸੂਰਤਪਾਲ ਸਿੰਘ ਫੋਟੋਗ੍ਰਾਫਰ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸਨਮਾਨ ਸ੍ਰੀ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤਾ।

**ਸਤਿਜੁਗ ਦਾ ਬਸੰਤ ਅੰਕ–** ਜਗਤ ਮਾਤਾ ਚੰਦ ਕੌਰ ਜੀ ਕੀਰਤੀ ਅੰਕ ਤੇ ਕੈਲੰਡਰ ਸ੍ਰੀ ਸਤਿਗੁਰੂ ਜੀ ਨੇ ਰਲੀਜ਼ ਕੀਤਾ।

PLAY and Diwali– ਅੱਜ ਰਾਤ ਥਾਈਲੈਂਡ ਦੇ ਨੌਜਵਾਨ ਨੇ ਨਾਟਕ ਖੇਡਿਆ ***'ਮਿਲ ਮੇਰੇ ਪ੍ਰੀਤਮਾ ਜੀਉ'*** ਜਿਸ ਦੀ ਤਿਆਰੀ ਹਰਕੀਰਤ ਸਿੰਘ ਤੇ ਸਾਥੀ ਬੱਚਿਆਂ ਨੇ ਮਿਲ ਕੇ ਕੀਤੀ। ਇਹ ਨਾਟਕ ਬਹੁਤ ਵਧੀਆ ਖੇਡਿਆ ਗਿਆ। ਸਾਰੀ ਸੰਗਤ ਨੇ ਉਨਾਂ ਦੀ ਪ੍ਰਸੰਸ਼ਾ ਕੀਤੀ। ਇਹ ਇਕ ਬਹੁਤ

**(ਬਾਕੀ ਸਫਾ 7 'ਤੇ)**



**ਸ੍ਰੀ ਸਤਿਗੁਰੂ ਜੀ ਦੇ ਹਸਤ ਕੰਵਲਾਂ ਤੋਂ ਪ੍ਰਸ਼ਾਦ ਪ੍ਰਾਪਤ ਕਰਕੇ ਆਪਣੇ ਧੰਨ ਭਾਗ ਸਮਝਦੀ ਸਾਧ ਸੰਗਤ।**

# ਤ੍ਰਿਬੇਣੀ ਪੁਰਬ ਹੋਲਾ ਮਹੱਲਾ ਸੰਪੰਨ..(ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਸ. ਨਵਤੇਜ ਸਿੰਘ ਚੀਮਾ ਐਮ. ਐਲ. ਏ. (ਸੁਲਤਾਨਪੁਰ ਲੋਧੀ) ਨੂੰ ਸਨਮਾਨ ਬਖਸ਼ਦੇ ਹੋਏ।**




**ਸ. ਸ਼ਰਨਜੀਤ ਸਿੰਘ ਢਿਲੋਂ ਐਮ. ਐਲ. ਏ. ਦਾ ਸਨਮਾਨ ਕਰਦੇ ਸ੍ਰੀ ਸਤਿਗੁਰੂ ਜੀ।**

ਵਧੀਆ ਸਲਾਘਾਯੋਗ ਕਦਮ ਸੀ।

**ਰਾਤ ਦੇ ਦਿਵਾਨ–** ਰਾਤ ਦੇ ਦਿਵਾਨਾਂ ਵਿਚ ਜਥੇਦਾਰ ਕਮਾਲ ਸਿੰਘ ਨੇ ਧਾਰਨਾ ਲਾਈ–

*ਸਤਿਗੁਰ ਅਗਮ ਅਗਾਧ*
*ਕਿਹੜਾ ਝਲੇ ਗੁਰੂ ਦੀਆਂ ਝਾਲਾਂ ਨੂੰ।*

ਉਹਨਾਂ ਨੇ ਹੋਲੇ ਮਹੱਲੇ ਦਾ ਪ੍ਰਸੰਗ ਸੁਣਾਇਆ। ਦੂਸਰੀ ਧਾਰਨਾ ਸੀ–

*ਸਿੰਘ ਗੁਰੂ ਰਾਮ ਸਿੰਘ ਦੇ*
*ਸਦਾ ਚੜ੍ਹਦੀ ਕਲਾ ਵਿਚ ਰਹਿੰਦੇ।*

**ਜਥੇਦਾਰ ਪ੍ਰੀਤਮ ਸਿੰਘ** ਨੇ–

*ਮੇਰੇ ਚੀਨੀ ਦੇ ਅਸਵਾਰ ਤੇਰੇ ਉਪਕਾਰ*
*ਮਿਟੇ ਨਹੀਂ ਜਾਂਦੇ।*

ਧਾਰਨਾ ਲਾ ਕੇ ਦਿਵਾਨ ਸਜਾਇਆ।

ਇਸ ਤੋਂ ਬਾਅਦ ਸੂਬਾ ਮੋਹਕਮ ਸਿੰਘ, ਜਸਵਿੰਦਰ ਸਿੰਘ ਭਿੰਡਰ, ਦਰਸ਼ਨ ਸਿੰਘ, ਬਿਹਾਰਾ ਸਿੰਘ, ਨਿਰਮਲ ਸਿੰਘ ਤੇ ਕਵੀ ਅਮਰੀਕ ਸਿੰਘ ਨਿਮਾਣਾ ਨੇ ਹੱਲੇ ਦੇ ਦਿਵਾਨ ਸਜਾਏ।

**ਵਿਸ਼ਵ ਨਾਮਧਾਰੀ ਵਿਦਿਅਕ ਜਥਾ ਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ ਦੀ ਵਿਸ਼ੇਸ਼ ਇਕਤਰਤਾ**–ਪੰਡਾਲ ਵਿਚ ਹੀ ਕੀਤੀ ਗਈ। ਜਿਸ ਵਿਚ ਸੁਖਵਿੰਦਰ ਸਿੰਘ ਲਾਇਲ, ਹਰਪਾਲ ਸਿੰਘ, ਡਾ. ਪੁਸ਼ਪਿੰਦਰ ਸਿੰਘ, ਬੀਬੀ ਸੁਖਜੀਤ ਕੌਰ, ਅਤੇ ਰਹਿਬਰ ਜੀ ਤੇ ਹੋਰ ਨੌਜਵਾਨਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਕੱਤਰਤਾ ਵਿਚ ਵਿਸ਼ੇਸ਼ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਨੌਜਵਾਨ ਬੀਬੀਆਂ ਤੇ ਲੜਕੀਆਂ ਨੇ ਵੀ ਆਪਣੇ ਸੁਝਾਅ ਪੇਸ਼ ਕੀਤੇ। ਉਹਨਾਂ ਕਿਹਾ ਕਿ ਇਤਨੀ ਵਡੀ ਸੰਸਥਾ ਹੋਵੇ, ਕੋਈ ਵੀ ਕਾਰਜ ਕਰਨਾ ਹੈ, ਕੰਮ ਕਰਨਾ ਹੈ ਘੱਟ ਤੋਂ ਘੱਟ 3–4 ਮਹੀਨੇ ਇਸ ਦੀ ਵਿਉਂਤਬੰਦੀ ਕੀਤੀ ਜਾਵੇ। ਸਾਰੇ ਸੰਬਧਿਤ ਜਥਿਆਂ ਨੂੰ ਸੂਚਿਤ ਕੀਤਾ ਜਾਵੇ। ਜਥੇ ਵਲੋਂ ਪ੍ਰਕਾਸ਼ਤ ਹੋਣ ਵਾਲੇ ਦਰਪਣ ਬਾਰੇ ਵੀ ਵਿਚਾਰ ਕੀਤਾ ਗਿਆ। ਆਉਣ ਵਾਲੇ ਸੰਮੇਲਨ ਬਾਰੇ ਸੁਝਾਅ ਲਏ ਗਏ।

### ਹੋਲੇ ਮਹੱਲੇ ਦਾ
### ਆਖਰੀ ਦਿਨ 16 ਮਾਰਚ 2017

ਅੱਜ ਹੋਲੇ ਮਹੱਲੇ ਦਾ ਆਖਰੀ ਦਿਨ ਸੀ। ਰਾਗੀ ਸਿੰਘਾਂ ਵਲੋਂ ਅੰਮ੍ਰਿਤ ਵੇਲੇ 3.30 ਵਜੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਆਰੰਭ ਕੀਤਾ ਗਿਆ। ਅੱਜ ਦੀ ਵਾਰ ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਕਿਰਪਾਲ ਸਿੰਘ, ਵੀਰ ਸਿੰਘ, ਗਿਆਨ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲਕੇ ਗਾਇਨ ਕੀਤੀ। ਸ਼ਬਦ ਸਨ–

***– ਮੈ ਬਉਰੀ ਮੇਰਾ ਰਾਮੁ ਭਤਾਰੁ।।***
***–ਸਾਜਣੁ ਮੈਡਾ ਚਾਈਆ***
***ਹਭ ਕਹੀ ਦਾ ਮਿਤੁ।।***

ਸ੍ਰੀ ਸਤਿਗੁਰੂ ਜੀ ਨੇ ਠੀਕ 4 ਵਜੇ ਪਾਵਨ ਪਵਿੱਤਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਉਂ ਜਿਉਂ ਸੰਗਤਾਂ ਆ ਰਹੀਆਂ ਸਨ ਨਮਸਕਾਰ ਕਰਕੇ ਨਾਮ ਸਿਮਰਨ ਕਰ ਰਹੀਆਂ ਸਨ। ਹੌਲੀ ਹੌਲੀ ਦਿਨ ਦਾ ਚੜ੍ਹਾਅ ਹੋ ਰਿਹਾ ਸੀ ਤੇ ਰਾਗੀ ਸਿੰਘਾਂ ਦੀਆਂ ਸੁਰਾਂ ਵੀ ਉਚੀਆਂ ਹੋ ਰਹੀਆਂ ਸਨ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਚੰਡੀ ਦੀ ਵਾਰ ਦਾ ਪਾਠ ਵੀ ਕੀਤਾ ਗਿਆ। ਰਾਗੀ ਸਿੰਘ ਉਚੀਆਂ ਸੁਰਾਂ ਵਿਚ–

***ਤੁਮ ਘਰਿ ਆਵਹੁ ਮੇਰੇ ਮੀਤੁ।।***

ਸ਼ਬਦ ਗਾਇਨ ਕਰ ਰਹੇ ਸਨ।

ਦਿਨ ਦੇ ਚੜ੍ਹਾਅ ਨਾਲ ਹੀ ਚਿੜੀਆਂ ਮੋਰ ਚਹਿਕ ਰਹੇ ਸਨ। ਸੂਰਜ ਦੇਵਤਾ ਵੀ ਅੰਗੜਾਈ ਲੈ ਰਿਹਾ ਸੀ। ਪਹਿਲਾਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿਚ ਇੰਦਰ ਦੇਵਤੇ ਨੇ ਵੀ ਆਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰੀ



**ਸ੍ਰੀ ਸਤਿਗੁਰੂ ਜੀ ਸ. ਸੁਰਜੀਤ ਸਿੰਘ (ਐਮ. ਐਲ. ਏ.) ਨੂੰ ਮਾਣ ਬਖਸ਼ਦੇ ਹੋਏ।**

ਲੁਆ ਲਈ ਸੀ। ਅੱਜ ਅਨੰਦ ਕਾਰਜ ਹੋਣੇ ਸਨ। ਪਾਠੀ ਸਿੰਘਾਂ ਵਲੋਂ ਅਨੰਦ ਕਾਰਜਾਂ ਵਾਸਤੇ ਇਕ ਹਵਨ ਕੀਤਾ ਗਿਆ। ਇਸ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ 11 ਅਨੰਦ ਕਾਰਜ ਸੰਪੰਨ ਹੋਏ। ਸਧਾਰਨ ਪਾਠਾਂ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਲਾਵਾਂ ਤੇ ਸਲੋਕ ਪਹਿਲੀ ਵਾਰ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਲੜਕੀਆਂ ਵਲੋਂ ਪੜੇ ਗਏ।

**ਸ. ਸਵਰਨ ਸਿੰਘ ਵਿਰਕ–** ਨੇ ਮੇਲੇ ਦੇ ਆਖਰੀ ਦਿਨ ਬੋਲਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਹੋਲਾ ਮਹੱਲਾ ਹੋਇਆ ਹੈ। ਦੂਰ ਦੂਰ ਤੋਂ ਸੰਗਤਾਂ ਇਥੇ ਨਤਮਸਤਕ ਹੋਣ ਲਈ ਆਈਆਂ ਹਨ। ਅੱਜ ਇਸ ਹੋਲੇ ਮਹਲੇ ਤੇ ਤਾਰਾ ਸਿੰਘ ਅਨਜਾਣ ਨੂੰ ਦਿਤਾ ਜਾਣ ਵਾਲਾ ਮਾਣ ਪੱਤਰ ਪੜ੍ਹ ਕੇ ਸੁਣਾਇਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ **'ਸਾਹਿਤ ਰਤਨ'** ਦੀ ਉਪਾਧੀ ਨਾਲ ਅਨਜਾਣ ਜੀ ਨੂੰ ਸਨਮਾਨਿਤ ਕੀਤਾ।

**ਸ. ਹਰਪਾਲ ਸਿੰਘ ਸੇਵਕ** ਨੇ ਕਿਹਾ ਕਿ ਗੁਰਬਾਣੀ ਅਨੁਸਾਰ ਮਨੁੱਖਾ ਜਨਮ ਉਤਮ ਹੈ। ਮਨੁੱਖ ਦੇ ਭਾਗ ਵਿਚ ਹੈ ਤਾਂ ਸਤਿਗੁਰੂ ਮਿਲ ਗਿਆ। ਸਿਖ ਸੱਜ ਗਿਆ। ਫਿਰ ਸਤਿਗੁਰੂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਸੇਵਾ ਉਤਮ ਕਰਮਾਂ ਕਰਕੇ ਹੀ ਮਿਲਦੀ ਹੈ। ਇਹ ਸੰਤ ਮਹਿੰਦਰ ਸਿੰਘ ਪੂਰਬਾ ਜੀ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ ਇਕ ਸਧਾਰਨ ਪਰਿਵਾਰ ਵਿਚੋਂ ਆਕੇ ਸਤਿਗੁਰੂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। *'ਤੁਮਨੇ ਮੁਝੇ ਖਰੀਦ ਕਰ ਅਨਮੋਲ ਕਰ ਦਿਆ'* – ਸਾਧ ਸੰਗਤ ਵਿਚ ਉਹਨਾਂ ਦਾ ਮਾਣ ਸਨਮਾਨ ਵਧ ਗਿਆ। ਅੱਜ ਵਿਸ਼ਵ ਨਾਮਧਾਰੀ ਸੰਗਤ ਵਲੋਂ ਸੰਤ ਮਹਿੰਦਰ ਸਿੰਘ ਪੂਰਬਾ ਜੀ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ **'ਸੇਵਾ ਰਤਨ'** ਨਾਲ ਨਿਵਾਜਿਆ।

ਇਸ ਤੋਂ ਬਾਅਦ ਅਨੰਦ ਕਾਰਜ ਵਾਲੇ ਲੜਕੇ ਲੜਕੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਆਕੇ ਨਮਸਕਾਰ ਕੀਤੀ ਤੇ ਆਪਣਾ ਜਨਮ ਸਫਲਾ ਕੀਤਾ।

**ਮੇਲੇ ਦੀ ਸੇਵਾ–** ਬੀਬੀ ਹਰਪਾਲ ਕੌਰ ਕਨੇਡਾ ਨਿਵਾਸੀ।

**ਜੋੜਿਆਂ ਦੀ ਸੇਵਾ–** ਦਿੱਲੀ ਦਾ ਨਿਸ਼ਕਾਮ ਜਥਾ।

**ਬਿਜਲੀ ਦੀ ਸੇਵਾ–** ਸੰਤ ਹਰਭਜਨ ਸਿੰਘ, ਦਵਿੰਦਰ ਸਿੰਘ, ਮੰਗਲ ਸਿੰਘ ਤੇ ਸਾਥੀ।

ਵਰਿਆਮ ਸਿੰਘ ਟੂਟੀਆਂ ਜਲ ਦੀ ਸੇਵਾ

**ਪਹਿਰੇ ਦੀ ਸੇਵਾ–** ਪੰਡਾਲ ਵਿਚ ਪਹਿਰੇ ਦੀ ਸੇਵਾ– ਬੀਬੀ ਸੋਮਾ, ਮਨਜੀਤ ਕੌਰ, ਸੁਖਜੀਤ ਕੌਰ, ਗੁਰਦੇਵ ਸਿੰਘ ਚੀਮਾ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਸੰਦੀਪ ਸਿੰਘ, ਰੰਗਾ ਸਿੰਘ।

**ਲੰਗਰ ਦੀ ਸੇਵਾ–** ਸੂਬਾ ਸੁਖਵਿੰਦਰ ਸਿੰਘ ਤੇ ਇਲਾਕੇ ਦੀ ਸੰਗਤ, ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਵਲੋਂ (ਐਲਨਾਬਾਦ, ਸੰਤ ਨਗਰ, ਰਾਈਆਂ)

**ਸਤਿਜੁਗ–** ਸਰਵ ਸੰਤ ਗੁਰਜੀਤ ਸਿੰਘ, ਹਾਕਮ ਸਿੰਘ, ਜਸਵੰਤ ਸਿੰਘ

**ਬਿਸਤਰਿਆਂ ਦੀ ਸੇਵਾ–** ਸੂਬਾ ਹਰਭਜਨ ਸਿੰਘ ਤਾਂ ਅਕਸਰ ਮੇਲੇ ਵਿਚ ਸਾਧ ਸੰਗਤ ਦੀ ਸੇਵਾ ਕਰਦੇ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਦੀ ਉਹਨਾਂ ਤੇ ਅਪਾਰ ਕਿਰਪਾ ਹੈ। ਇਸ ਵਾਰੀ ਵਿਦੇਸ਼ ਦੀ ਸੰਗਤ ਬਾਹਰੋਂ ਜ਼ਿਆਦਾ ਗਿਣਤੀ ਵਿਚ ਸੀ ਇਸ ਕਰਕੇ ਸੂਬਾ ਜੀ ਨੇ ਸਾਧ ਸੰਗਤ ਵਾਸਤੇ 1000 ਨਵੇਂ ਕੰਬਲਾਂ ਦੀ ਸੇਵਾ ਕੀਤੀ ਤੇ ਪੰਡਾਲ ਵਿਚ ਵਿਛਾਈ ਵਾਸਤੇ ਚਾਦਰਾਂ ਦੀ ਸੇਵਾ ਵੀ ਇਹਨਾਂ ਵਲੋਂ ਹੀ ਹਰ ਸਾਲ ਕੀਤੀ ਜਾਂਦੀ ਹੈ ਸ੍ਰੀ ਸਤਿਗੁਰੂ ਜੀ ਬਖਸ਼ਿਸ਼ ਕਰ ਇਸ ਤਰ੍ਹਾਂ ਹੀ ਸੇਵਾ ਕਰਵਾਉਂਦੇ ਰਹਿਣ।

**ਗੰਨੇ ਦੇ ਰਸ ਦੀ ਸੇਵਾ–** ਦੋ ਜਗ੍ਹਾ ਤੇ ਬਾਹਰ ਮੇਨ ਸੜਕ ਉਤੇ ਤੇ ਲੰਗਰ ਦੇ ਕੋਲ ਸਾਧ ਸੰਗਤ ਵਲੋਂ ਕੀਤੀ ਜਾਂਦੀ ਰਹੀ।

**ਲੰਗਰ ਦੀ ਸੇਵਾ–** ਪਰਸ਼ਾਦਾ ਪਕਾਉਣ ਲਈ ਬੀਬੀਆਂ ਦੇ ਜਥੇ ਜ਼ਿਲਾ ਸਿਰਸਾ ਵਿਚੋਂ ਆਏ ਹੋਏ ਸਨ। ਮਾਤਾ ਗੁਰਸ਼ਰਨ ਕੌਰ ਜੀ ਸੇਵਾ ਕਰਦੇ ਰਹੇ ਤੇ ਸਾਧ ਸੰਗਤ ਕੋਲੋਂ ਕਰਵਾਉਂਦੇ ਰਹੇ। ਦਿੱਲੀ ਤੋਂ ਸੰਤ ਸਾਧਾ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਨੇ ਸਾਧ ਸੰਗਤ ਦੀ ਸੇਵਾ ਤਨੋ ਮਨੋ ਕੀਤੀ।

**ਦੁੱਧ ਦੀ ਸੇਵਾ–** ਸੰਤ ਸਤਨਾਮ ਸਿੰਘ ਸਮਰਾਲੀ ਕਲੋਨੀ

**ਵਿਦੇਸੀ ਪ੍ਰਾਹੁਣੇ–** ਬਾਹਰੋਂ ਆਏ ਸਜਣਾਂ ਨੂੰ ਜਲ ਪਾਣੀ ਪ੍ਰਸ਼ਾਦਾ ਛਕਾਉਣ ਦੀ ਸੇਵਾ ਸੰਤ ਹਰਪਾਲ ਸਿੰਘ ਸੋਧੀ, ਗੁਰਚਰਨ ਸਿੰਘ, ਸੰਤ ਵਰਿਆਮ ਸਿੰਘ ਰਾਏ ਸਿੰਘ, ਗੁਰਮੀਤ ਸਿੰਘ, ਦਵਿੰਦਰ ਸਿੰਘ ਦਿੱਲੀ

ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਇਹ ਹੋਲਾ ਮਹੱਲਾ ਨਿਰਵਿਘਨ ਸਮਾਪਤ ਹੋਇਆ। ਜਿਸ ਵਿਚ ਦੇਸਾਂ ਵਿਦੇਸਾਂ ਤੋਂ ਸਾਧ ਸੰਗਤ ਨੇ ਆਕੇ ਸਮੂਲੀਅਤ ਕੀਤੀ। ਲੰਗਰ ਗੁਰੂ ਕਾ ਅਤੁੱਟ ਵਰਤਦਾ ਰਿਹਾ। ਪੰਜੇ ਦਿਨ ਭਜਨ ਬਾਣੀ, ਦਿਵਾਨ ਕਵੀ ਦਰਬਾਰ ਸਜਦੇ ਰਹੇ। ਸਾਧ ਸੰਗਤ ਨੇ ਖੂਬ ਆਨੰਦ ਮਾਣਿਆ। ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੇ ਭਲੇ ਵਾਸਤੇ ਆਪਣਾ ਪਵਿੱਤਰ ਉਪਦੇਸ਼ ਦੇ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ (ਦੇਖੋ ਸਫਾ 3) ਅਤੇ ਸਾਰਿਆਂ ਨੂੰ ਖੁਸ਼ੀਆਂ ਬਖਸ਼ਿਸ਼ ਕੀਤੀਆਂ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਸਾਨੂੰ ਸਾਰਿਆਂ ਨੂੰ ਸੇਵਾ ਸਿਮਰਨ ਕਰਨ ਦਾ ਬਲ ਬਖਸ਼ਣ।

**–ਗੁਰਦੇਵ ਸਿੰਘ ਚੀਮਾ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਹੋਲੇ ਮਹੱਲੇ ਦੀ ਸੇਵਾ ਕਰਵਾਉਣ ਵਾਲੀ ਬੀਬੀ ਹਰਪਾਲ ਕੌਰ (ਕਨੇਡਾ) ਪਰਵਾਰ ਅਤੇ ਉਥੋਂ ਦੀ ਸਾਧ-ਸੰਗਤ ਸੂਬਾ ਰੇਸ਼ਮ ਸਿੰਘ (ਕਨੇਡਾ) ਸਹਿਤ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੁੰਦੀ ਹੋਈ ।



ਸ੍ਰੀ ਸਤਿਗੁਰੂ ਜੀ ਨੇ ਸੰਤ ਮਹਿੰਦਰ ਸਿੰਘ ਪੂਰਬਾ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ 42 ਸਾਲ ਸੇਵਾ ਨਿਭਾਉਣ ਵਜੋਂ 'ਸੇਵਾ ਰਤਨ' ਸਨਮਾਨ ਨਾਲ ਨਿਵਾਜਿਆ ।



ਸ੍ਰੀ ਸਤਿਗੁਰੂ ਜੀ ਨੇ ਪ੍ਰੋ. ਤਾਰਾ ਸਿੰਘ ਅਨਜਾਣ ਜੀ ਦੀ ਪੰਥ ਨੂੰ ਦਿੱਤੀਆ ਸੇਵਾਵਾਂ ਵੱਜੋਂ 'ਸਾਹਿਤ ਰਤਨ' ਨਾਲ ਸਨਮਾਨਿਤ ਕਰਨ ਦੀ ਬਖ਼ਸ਼ਸ਼ ਕੀਤੀ।




ਸ੍ਰੀ ਸਤਿਗੁਰੂ ਜੀ ਨੇ ਸੰਤ ਸੁਰਤਪਾਲ ਸਿੰਘ ਫੋਟੋਗ੍ਰਾਫਰ (ਸ੍ਰੀ ਭੈਣੀ ਸਾਹਿਬ) ਨੂੰ ਜਥੇਦਾਰ ਦਰਸ਼ਨ ਸਿੰਘ ਯਾਦਗਾਰੀ ਅਵਾਰਡ ਬਖ਼ਸ਼ਿਸ਼ ਕੀਤਾ । ਨਾਲ ਹਨ ਸੰਤ ਸੁਖਵਿੰਦਰ ਸਿੰਘ ਲਾਇਲ ਅਤੇ ਬਲਬੀਰ ਸਿੰਘ (ਮੈਂਬਰ ਵਿਦਿਅਕ ਜਥਾ ਲੁਧਿਆਣਾ) ।




ਹੋਲੇ ਮਹੱਲੇ ਸਮੇਂ ਨਾਟਕ ਦੌਰਾਨ ਥਾਈਲੈਂਡ ਦੀ ਸੰਗਤ ਨੇ 'ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ' ਬੜੇ ਮਾਰਮਿਕ ਢੰਗ ਨਾਲ ਸਾਧ-ਸੰਗਤ ਸਾਹਮਣੇ ਪੇਸ਼ ਕੀਤਾ । ਉਸ ਵਿੱਚ ਹਿੱਸਾ ਲੈਣ ਵਾਲੇ ਸਿੰਘ ਅਤੇ ਬੀਬੀਆਂ ਨਾਲ ਸ੍ਰੀ ਸਤਿਗੁਰੂ ਜੀ ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਮਰਿਯਾਦਾ ਅਤੇ ਦਾਜ ਦਹੇਜ ਰਹਿਤ ਹੋਏ 11 ਅਨੰਦ ਕਾਰਜਾਂ ਦਾ ਦ੍ਰਿਸ਼ - 16 ਮਾਰਚ 2017 ਸ੍ਰੀ ਭੈਣੀ ਸਾਹਿਬ

Photos by Suratpal Singh

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6.05 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.45 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com